SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

47
Jan. - March 2023

# ਸੈਣੀ ਸੰਸਾਰ
# Saini Sansar




## ਅੰਦਰ ਪੜ੍ਹੋ

- ਨਿੱਕੀਆਂ ਜਿੰਦਾਂ ਵੱਡਾ ਸਾਕਾ
- ਸੈਣੀ ਭਵਨ ਦੀਆਂ ਸਰਗਰਮੀਆਂ
- ਸਫ਼ਲ ਸੈਣੀ ਸਖ਼ਸ਼ੀਅਤਾਂ
- ਸਿਹਤਮੰਦ ਸਾਹਿਤਕ ਰਚਨਾਵਾਂ
- 2022 ਦੇ ਨੋਬਲ ਪੁਰਸਕਾਰ ਵਿਜੇਤਾ
- ਮੈਟਰੀਮੋਨੀਅਲਜ਼

PUBLISHERS
KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001
ਮੁੱਲ : 30 ਰੁਪਏ

R.N.I. No. : PUNBIL/2011/48578

Volume - XIII, Issue - I

# Saini Sansar

(Quarterly)

January - March 2023

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**
**Late Sh. L.R. Mundra**
Asstt. Police Commissioner (Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate (Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| Subscription / Assistance Money | India | Abroad |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 08.01.2023**

# ਸੈਣੀ ਸੰਸਾਰ
(ਤਿਮਾਹੀ)

ਜਿਲਦ 13, ਅੰਕ 1 ਜਨਵਰੀ - ਮਾਰਚ 2023

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ
- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਨਵੇਂ ਸਾਲ 2023 ਦੀ ਵਧਾਈ।

## ਤੱਤਕਰਾ

| ਕੀ | ਕਿੱਥੇ |
|---|---|
| ਸੰਪਾਦਕੀ - ਨਵੇਂ ਸਾਲ ਦੀ ਆਮਦ - ਸਮੇਂ ਦੀ ਖੇਡ | 3 |
| ਸੈਣੀ ਭਵਨ ਦੀਆਂ ਸਰਗਰਮੀਆਂ | 4-6 |
| ਸੈਣੀ ਬਰਾਦਰੀ ਦਾ ਮਾਣਮੱਤਾ ਇਤਿਹਾਸ | 7 |
| ਨਿੱਕੀਆਂ ਜਿੰਦਾਂ - ਵੱਡਾ ਸਾਕਾ | 8-9 |
| ਸਾਹਿਬਜ਼ਾਦਿਆਂ ਦੀ ਹਮਦਰਦ ਰਾਣੀ ਜੈਨਾ ਦੀ ਸ਼ਹੀਦੀ | 10 |
| ਕਵਿਤਾ - ਸਰਹੰਦ ਦੀ ਗਰਦ ਅੰਦਰ | 11 |
| ਅਣਗੌਲਿਆ ਆਜ਼ਾਦੀ ਘੁਲਾਟੀਆ ਹਰੀ ਸਿੰਘ ਸੈਣੀ | 12-13 |
| ਸੈਣੀ ਬਰਾਦਰੀ ਦੀਆਂ ਮਾਣਮੱਤੀਆਂ ਸਖ਼ਸ਼ੀਅਤਾਂ | 13 |
| ਸੈਣੀ ਭਵਨ ਦੇ ਦਾਨੀ ਸੱਜਣ | 14 |
| ਕਹਾਣੀ - ਇੱਕ ਵੱਟੇ ਦੂਈ | 15-16 |
| ਵਿਦਿਆਰਥੀਆਂ ਦੇ ਚੋਣਵੇ ਮੁਕਾਬਲਾ ਭਾਸ਼ਣ | 17-18 |
| Beneficiaries of Scholarships | 19-21 |
| ਨੋਬਲ ਪੁਰਸਕਾਰ ਵਿਜੇਤਾ 2022 | 22-23 |
| ਟੱਪੇ | 23 |
| ਲੇਖ - ਜਦੋਂ ਲੋਕ ਜਾਗਦੇ ਹਨ | 24-25 |
| ਕਹਾਣੀ - ਸਵਰਗ ਤੋਂ ਵਾਪਸੀ | 26-27 |
| ਸੈਣੀ ਸਖ਼ਸ਼ੀਅਤ ਐਡਵੋਕੇਟ ਮਹਿੰਦਰ ਸਿੰਘ ਭਲਿਆਣ | 28-29 |
| ਸਫ਼ਲ ਸੈਣੀ ਸਖ਼ਸ਼ੀਅਤਾਂ | 29 |
| ਖੱਬੀਖਾਨ ਫੁਟਬਾਲਰ ਲਾਇਨਲ ਮੈਸੀ | 30-31 |
| ਪੰਜਾਬੀਆਂ ਦੀ ਵਿਦੇਸ਼ਾਂ ਵਿੱਚ ਚੜ੍ਹਤ | 32 |
| ਆਓ ਆਪਣੇ ਗਿਆਨ ਦੀ ਪਰਖ ਕਰੀਏ | 33 |
| ਕਵਿਤਾ - ਅੱਜ ਦਾ ਵਿਰੋਧਾਭਾਸ | 34 |
| Matrimonial | 35-40 |
| ਕਵਿਤਾ | 40 |

## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫ਼ੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ



# ਨਵੇਂ ਸਾਲ ਦੀ ਆਮਦ-ਸਮੇਂ ਦੀ ਖੇਡ

ਅਜਮੇਰ ਸਿੰਘ (ਡਾ.)
ਰੂਪਨਗਰ

ਨਵੇਂ ਸਾਲ ਨੇ ਆ ਦਸਤਕ ਦਿੱਤੀ ਹੈ। ਪਰ ਦੁਨੀਆਂ ਵਿੱਚ ਕੁੱਝ ਵੀ ਬਦਲਿਆ ਦਿਖਾਈ ਨਹੀਂ ਦੇ ਰਿਹਾ। ਨਾ ਮਨੁੱਖ ਦਾ ਰਹਿਣ-ਸਹਿਣ ਬਦਲਿਆ, ਨਾ ਕੋਈ ਸਮਾਜਿਕ ਤਬਦੀਲੀ ਹੋਈ। ਸਾਲ ਦਾ ਬਦਲਣਾ ਸਮੇਂ ਦੀ ਖੇਡ ਹੈ। ਸਮਾਂ ਇੱਕ ਕੁਦਰਤੀ ਵਰਤਾਰਾ ਹੈ। ਸਾਰਾ ਬ੍ਰਹਿਮੰਡ ਹੀ ਗਤੀਸ਼ੀਲ ਹੈ। ਇਹ ਹਰ ਪਲ ਬਦਲਦਾ ਹੈ। ਇਸ ਨਾਲ ਹੀ ਸਮਾਂ ਅੱਗੇ ਵੱਧਦਾ ਹੈ। ਬ੍ਰਹਿਮੰਡ ਦੀਆਂ ਅਰਬਾਂ ਗਲੈਕਸੀਆਂ, ਇਨ੍ਹਾ ਦੇ ਖਰਬਾਂ ਤਾਰੇ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰ-ਗ੍ਰਹਿ ਤੇ ਉੱਪਗ੍ਰਹਿ ਆਦਿ ਆਪਣੇ ਆਪਣੇ ਧੁਰੇ ਦੁਆਲੇ ਘੁੰਮਣ ਦੇ ਨਾਲ ਨਾਲ ਆਪਣੀ ਜਨਮਦਾਤੀ ਬ੍ਰਹਿਮੰਡੀ ਵਸਤੂ ਦੇ ਗਿਰਦ ਵੀ ਆਪਣੀ ਵੱਖਰੀ ਵੱਖਰੀ ਗਤੀ ਨਾਲ ਚੱਕਰ ਲਗਾਉਂਦੇ ਹਨ। ਇਹ ਗਤੀਆਂ ਨਿਰੰਤਰ ਅਤੇ ਨਿਯਤ ਹਨ। ਕਿਸੇ ਖਗੋਲੀ ਵਸਤੂ ਦੇ ਰੁਕ ਜਾਣ ਦਾ ਨਤੀਜਾ ਉਸ ਦੀ ਮੌਤ ਹੈ। ਇਹ ਸਾਰੀਆਂ ਗਤੀਆਂ ਅਤਿ ਦੀਆਂ ਤੇਜ਼ ਹੋਣ ਦੇ ਬਾਵਜੂਦ ਮਨੁੱਖ ਦੀ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਿਤ ਨਹੀਂ ਕਰਦੀਆਂ। ਕੇਵਲ ਮਨੁੱਖ ਦੇ ਆਪਣੇ ਗ੍ਰਹਿ, ਧਰਤੀ ਅਤੇ ਉਸ ਦੇ ਉਪਗ੍ਰਹਿ, ਚੰਦ ਦੀਆਂ ਗਤੀਆਂ ਹੀ ਮਨੁੱਖ ਲਈ ਮਹੱਤਵਪੂਰਨ ਹਨ।

ਧਰਤੀ ਆਪਣੇ ਧੁਰੇ ਦੁਆਲੇ 24 ਘੰਟਿਆਂ ਵਿੱਚ ਚੱਕਰ ਪੂਰਾ ਕਰਦੀ ਹੈ। ਇਸ ਸਮੇਂ ਨੂੰ ਇੱਕ ਦਿਨ ਕਿਹਾ ਜਾਂਦਾ ਹੈ। ਧਰਤੀ ਆਪਣੇ ਮੋਢੀ ਤਾਰੇ, ਸੂਰਜ ਦੁਆਲੇ ਘੁੰਮਦਿਆਂ 365 ਦਿਨਾਂ ਤੋਂ ਕੁੱਝ ਘੰਟੇ ਵੱਧ ਸਮੇਂ ਵਿੱਚ ਇੱਕ ਚੱਕਰ ਪੂਰਾ ਕਰਦੀ ਹੈ। ਇਸ ਸਮੇਂ ਨੂੰ ਸਾਲ ਕਿਹਾ ਜਾਂਦਾ ਹੈ। ਚੰਦ, ਧਰਤੀ ਦੁਆਲੇ ਇੱਕ ਚੱਕਰ ਕਰੀਬ 29 ਦਿਨਾਂ ਵਿੱਚ ਲਗਾਉਂਦਾ ਹੈ ਜਿਸ ਨੂੰ ਇੱਕ ਮਹੀਨਾ ਮੰਨਿਆਂ ਜਾਂਦਾ ਹੈ। ਇਸ ਪ੍ਰਕਾਰ ਧਰਤੀ ਦੀ ਗਤੀ ਕਾਰਨ ਦਿਨ, ਰਾਤ ਵਿੱਚ ਅਤੇ ਰਾਤ, ਦਿਨ ਵਿੱਚ ਬਦਲਦੀ ਹੈ। ਧਰਤੀ ਦੇ ਸੂਰਜ ਦੁਆਲੇ ਘੁੰਮਣ ਕਾਰਨ ਸਾਲ ਅਤੇ ਰੁੱਤਾਂ ਬਦਲਦੇ ਹਨ। ਇੱਕ ਚੱਕਰ ਪੂਰਾ ਕਰਕੇ ਧਰਤੀ ਰੁਕਦੀ ਨਹੀਂ। ਇਸ ਦੇ ਚੱਕਰ ਦਾ ਕੋਈ ਆਰੰਭਕ ਬਿੰਦੂ ਅਤੇ ਸਮਾਪਤੀ ਬਿੰਦੂ ਵੀ ਨਿਯਤ ਨਹੀਂ ਹੈ। ਇਨ੍ਹਾਂ ਗਤੀਆਂ ਵਿੱਚ ਕੋਈ ਤਬਦੀਲੀ ਕਰਨੀ ਮਨੁੱਖ ਦੇ ਵੱਸ ਵਿੱਚ ਨਹੀਂ। ਭਾਵ ਇਹ ਕਿ ਸਮਾਂ ਨਿਰੰਤਰ ਅੱਗੇ ਵੱਲ ਵਧਦਾ ਹੈ। ਭਾਈ ਵੀਰ ਸਿੰਘ ਨੇ ਇਸ ਸਚਾਈ ਨੂੰ ਬਿਆਨ ਕਰਦਿਆਂ ਕਿਹਾ ਹੈ–

ਰਹੀ ਵਾਸਤੇ ਘੱਤ, ਸਮੇਂ ਨੇ ਇੱਕ ਨਾ ਮੰਨੀ।
ਫੜ ਫੜ ਰਹੀ ਧਰੀਕ, ਸਮੇਂ ਖਿਸਕਾਈ ਕੰਨੀ।

ਸਮੇਂ ਨੂੰ ਕਿਸੇ ਕਰਮ-ਕਾਂਡ ਜਾਂ ਮਿੰਨਤ ਨਾਲ ਵੀ ਰੋਕਿਆ ਨਹੀਂ ਜਾ ਸਕਦਾ। ਕੇਵਲ ਇਸ ਦੀ ਸੁਯੋਗ ਵਰਤੋਂ ਕੀਤੀ ਕਾ ਸਕਦੀ ਹੈ। ਇਸ ਨਾਲ ਹੀ ਸਮੇਂ ਦੇ ਪਰਿਵਰਤਨ ਨੂੰ ਲਾਭਕਾਰੀ ਬਣਾਇਆ ਜਾ ਸਕਦਾ ਹੈ ਅਤੇ ਨਵਾਂ ਸਾਲ ਆਨੰਦਭਰਪੂਰ ਹੋ ਸਕਦਾ ਹੈ। ਸਮਾਂ ਇੱਕ ਅਣਮੋਲ ਖਜ਼ਾਨਾ ਹੈ। ਇਸ ਨੂੰ ਸਿਆਣਪ ਨਾਲ ਨਾ ਵਰਤਿਆ ਤਾਂ ਇਹ ਅਜਾਂਈਂ ਚਲੇ ਜਾਏਗਾ। ਸਮੇਂ ਨੂੰ ਕੇਵਲ ਕੰਮ ਵਿੱਚ ਰੁੱਝੇ ਰਹਿਣ ਵਾਲੇ ਮਨੁੱਖ ਹੀ ਫੜ ਸਕਦੇ ਹਨ। ਅਜਿਹੇ ਮਨੁੱਖ ਹੀ ਆਪਣੀਆਂ ਮਨਚਾਹੀਆਂ ਚੀਜ਼ਾਂ ਦਾ ਨਿਰਮਾਣ ਕਰ ਸਕਦੇ ਹਨ। ਸਮੇਂ ਦੀ ਕਦਰ ਕਰਨ ਵਾਲਾ ਵਿਅਕਤੀ ਸਫ਼ਲਤਾ ਦੀਆਂ ਪੌੜੀਆਂ ਚੜ੍ਹ ਕੇ ਮੰਜ਼ਿਲ 'ਤੇ ਪਹੁੰਚ ਜਾਂਦਾ ਹੈ। ਸਮਾਂ ਕਿਸੇ ਨਾਲ ਵੀ ਵਿਤਕਰਾ ਨਹੀਂ ਕਰਦਾ। ਇਹ ਹਰ ਇੱਕ ਨੂੰ ਬਰਾਬਰ ਦੇ ਮੌਕੇ ਬਖ਼ਸ਼ਦਾ ਹੈ। ਯੋਜਨਾਬੰਦੀ ਨਾਲ ਕੰਮ ਕਰਨ ਵਾਲਾ ਮਨੁੱਖ ਕਾਮਯਾਬੀ ਹਾਸਲ ਕਰ ਲੈਂਦਾ ਹੈ। ਜੋ ਮਨੁੱਖ ਆਪਣੀਆਂ ਕਮਜ਼ੋਰੀਆਂ ਨੂੰ ਛੁਪਾ ਕੇ ਕਿਸਮਤ ਨੂੰ ਕੋਸਦਾ ਰਹਿੰਦਾ ਹੈ ਉਹ ਜੀਵਨ ਦੌੜ ਵਿੱਚ ਫਾਡੀ ਰਹਿ ਕੇ ਨਿਰਾਸ਼ਾਵਾਦੀ ਬਣ ਜਾਂਦਾ ਹੈ। ਸਮਾਂ ਨਾ ਕਿਸੇ ਦੀ ਉਡੀਕ ਕਰਦਾ ਹੈ ਅਤੇ ਨਾ ਪਿਛਾਂਹ ਵੱਲ ਝਾਕਦਾ ਹੈ।

ਸਮਾਂ ਕਦੇ ਘੱਟ ਨਹੀਂ ਹੁੰਦਾ। ਕੇਵਲ ਲੋੜ ਹੁੰਦੀ ਹੈ ਕੰਮਾਂ ਦਾ ਸੰਤੁਲਨ ਬਣਾਉਣ ਦੀ। ਸਹੀ ਸਮੇਂ 'ਤੇ ਸਹੀ ਫ਼ੈਸਲਾ ਲੈਣ ਵਾਲੇ ਲੋਕ ਸਫ਼ਲ ਹੁੰਦੇ ਹਨ ਜਦੋਂ ਕਿ ਕੰਮਚੋਰ, ਵਿਹਲੜ ਤੇ ਆਲਸੀ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ। ਸਮੇਂ ਤੋਂ ਖੁੰਝਿਆ ਬੰਦਾ ਆਪਣੀ ਮੰਜ਼ਿਲ ਤੋਂ ਕੋਹਾਂ ਦੂਰ ਜਾ ਡਿਗਦਾ ਹੈ। ਅਸਫ਼ਲਤਾਵਾਂ ਦੀਆਂ ਕਾਲੀਆਂ ਘਟਾਵਾਂ ਅਜਿਹੇ ਵਿਅਕਤੀ ਦੇ ਚਿਹਰੇ ਨੂੰ ਕਰੂਪ ਕਰ ਦਿੰਦੀਆਂ ਹਨ। ਸਮੇਂ ਨੂੰ ਪਿੱਛਿਓਂ ਆਵਾਜ਼ਾਂ ਮਾਰਨ ਵਾਲਾ ਬੰਦਾ ਟੱਕਰਾਂ ਹੀ ਮਾਰਦਾ ਰਹਿ ਜਾਂਦਾ ਹੈ। ਖੜ੍ਹਨਾ ਅਤੇ ਰੁਕਣਾ ਜ਼ਿੰਦਗੀ ਨਹੀਂ ਹੈ। ਸਮੇਂ ਨੂੰ ਅੱਗਿਓਂ ਹੋ ਕੇ ਫੜਨ ਵਾਲੇ ਮਨੁੱਖਾਂ ਦੇ ਚਿਹਰਿਆਂ 'ਤੇ ਹਮੇਸ਼ਾਂ ਖੁਸ਼ੀਆਂ ਆਪਣਾ ਟਿਕਾਣਾ ਬਣਾਉਂਦੀਆਂ ਹਨ।

ਸਾਲ ਦਾ ਬਦਲਣਾ ਇੱਕ ਕੁਦਰਤੀ ਵਰਤਾਰਾ ਹੈ ਜੋ ਮਨੁੱਖ ਦੀ ਪ੍ਰਵਾਹ ਕੀਤੇ ਬਗੈਰ ਹੀ ਵਾਪਰਦਾ ਰਹੇਗਾ। ਇਸ ਤਬਦੀਲੀ ਤੋਂ ਆਪਮੁਹਾਰੇ ਕੋਈ ਉਮੀਦ ਰੱਖਣੀ ਫ਼ਜ਼ੂਲ ਹੈ। ਇਸ ਨੂੰ ਮਨੁੱਖ ਆਪਣੇ ਕਾਰਜਾਂ ਨਾਲ ਹੀ ਉਪਯੋਗੀ ਬਣਾ ਸਕਦਾ ਹੈ। ਜਿੱਥੇ ਸਮੇਂ ਦੇ ਇਸ ਬਦਲਾਓ ਨੂੰ 'ਜੀ ਆਇਆਂ' ਕਹਿਣਾ ਬਣਦਾ ਹੈ ਉੱਥੇ ਇਸ ਦੀ ਯੋਗ ਵਰਤੋਂ ਕਰ ਕੇ ਜੀਵਨ ਨੂੰ ਖੁਸ਼ਹਾਲ ਬਣਾਉਣਾ ਜ਼ਰੂਰੀ ਹੈ।



ਅਕਤੂਬਰ - ਦਸੰਬਰ 2022 ਦੌਰਾਨ

# ਸੈਣੀ ਭਵਨ ਦੀਆਂ ਸਰਗਰਮੀਆਂ



ਰਾਜਿੰਦਰ ਸੈਣੀ
ਰੂਪਨਗਰ

**ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ–**

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਵੱਲੋਂ 8 **ਅਕਤੂਬਰ, 2022 ਨੂੰ** ਸੈਣੀ ਭਵਨ ਰੂਪਨਗਰ ਵਿਖੇ ਵਿਦਿਆਰਥੀਆਂ ਦੇ ਸਵੈ-ਭਰੋਸੇ ਨੂੰ ਦ੍ਰਿੜ ਕਰਨ ਲਈ ਜੂਨੀਅਰ ਵਰਗ ਦੇ ਪੰਜਾਬੀ ਭਾਸ਼ਾ ਵਿੱਚ:-''**ਵਿਦਿਆਰਥੀ ਜੀਵਨ ਵਿੱਚ ਖੇਡਾਂ ਦੀ ਮਹੱਤਤਾ''** ਵਿਸ਼ੇ ਅਤੇ ਸੀਨੀਅਰ ਵਰਗ ਦੇ ਅੰਗਰੇਜ਼ੀ ਭਾਸ਼ਾ 'ਚ ''ਜਾਂਚ ਏਜੰਸੀਆਂ ਦਾ ਰਾਜਨੀਤੀਕਰਨ ਅਤੇ ਇਸ ਦਾ ਭਾਰਤੀ ਲੋਕਤੰਤਰ 'ਤੇ ਪ੍ਰਭਾਵ'' ਵਿਸ਼ਿਆਂ 'ਤੇ ਭਾਸ਼ਨ ਮੁਕਾਬਲੇ ਕਰਵਾਏ ਗਏ। ਆਪਣੇ ਭਾਸ਼ਣਾ ਵਿੱਚ ਵਿਦਿਆਰਥੀਆਂ ਨੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਖੇਡਾਂ ਨੂੰ ਜ਼ਿੰਦਗੀ ਦਾ ਜ਼ਰੂਰੀ ਅੰਗ ਬਣਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਜਾਂਚ ਏਜੰਸੀਆਂ ਦੇ ਰਾਜਨੀਤੀਕਰਨ ਬਾਰੇ ਬੋਲਦਿਆਂ ਕਿਹਾ ਕਿ ਦੇਸ਼ ਦੇ ਲੋਕਤੰਤਰਕ ਢਾਂਚੇ ਦੀਆਂ ਕਦਰਾਂ ਕੀਮਤਾਂ ਦੀ ਬਹਾਲੀ ਲਈ ਜਾਂਚ ਏਜਸੀਆਂ ਨੂੰ ਤੋਤੇ ਦਾ ਪਿੰਜਰਾ ਬਨਣ ਦੀ ਬਜਾਏ ਆਪਣੀ ਆਜ਼ਾਦ ਹੋਂਦ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ। ਇਨ੍ਹਾਂ ਭਾਸ਼ਣ ਮੁਕਾਬਲਿਆਂ 'ਚ ਵੱਖ ਵੱਖ ਸਕੂਲਾਂ ਤੇ ਕਾਲਜਾਂ ਤੋਂ ਪੰਜਾਬੀ ਵਿਸ਼ੇ 'ਚ 28 ਅਤੇ ਅੰਗਰੇਜ਼ੀ ਵਿਸ਼ੇ 'ਚ 15 ਵਿਦਿਆਰਥੀਆਂ ਨੇ ਭਾਗ ਲਿਆ। ਪੰਜਾਬੀ ਦੇ ਵਿਸ਼ੇ 'ਚ ਨੈਸ਼ਨਲ ਪਬਲਿਕ ਸਕੂਲ ਕੁਰਾਲੀ ਦੀ ਮਨਜੋਤ ਕੌਰ ਤੇ ਪਹਿਲਾ, ਸੈਂਟ ਕਾਰਮਲ ਸਕੂਲ ਕਟਲੀ(ਰੂਪਨਗਰ) ਦੀ ਈਸ਼ਵਰਦੀਪ ਕੌਰ ਤੇ ਹਿਮਾਲਿਆ ਪਬਲਿਕ ਸਕੂਲ ਮੁਜ਼ਾਫ਼ਤ ਦੀ ਗਰਿਨਾ ਨੇ ਦੂਜਾ ਤੇ ਸ਼ਿਵਾਲਿਕ ਪਬਲਿਕ ਸਕੂਲ ਰੂਪਨਗਰ ਦੀ ਕੋਮਲ ਉੱਪਲ ਨੇ ਤੀਜ਼ਾ ਸਥਾਨ ਹਾਸਿਲ ਕੀਤਾ ਜਦੋਂਕਿ ਹਿਮਾਲਿਆ ਪਬਲਿਕ ਸਕੂਲ ਮੁਜ਼ਾਫ਼ਤ ਦੀ ਹੀ ਗੁਰਲੀਨ ਕੌਰ ਤੇ ਨੈਸ਼ਨਲ ਪਬਲਿਕ ਸਕੂਲ ਕੁਰਾਲੀ ਦੇ ਇੰਦਰਪ੍ਰੀਤ ਸਿੰਘ ਨੂੰ ਕੰਸੋਲੇਸ਼ਨ ਇਨਾਮ ਦਿੱਤੇ ਗਏ। ਇਸੇ ਤਰਾਂ ਅੰਗਰੇਜ਼ੀ ਵਿਸ਼ੇ ਦਾ ਪਹਿਲਾ ਸਥਾਨ ਸੈਂਟ ਕਾਰਮਲ ਸਕੂਲ ਕਟਲੀ ਦੀ **ਅਨਿਨਿਆਂ** ਸ਼ਰਮਾ ਨੇ, ਦੂਜਾ ਸਤਲੁਜ ਪਬਲਿਕ ਸਕੂਲ ਰੂਪਨਗਰ ਦੀ ਸਨੇਹਾ ਅਤੇ ਤੀਜਾ ਸਿਵਾਲਿਕ ਪਬਲਿਕ ਸਕੂਲ ਰੂਪਨਗਰ ਦੀ ਮਜਨੋਤ ਕੌਰ ਨੇ ਹਾਸਿਲ ਕੀਤਾ। ਇਸ ਵਿਸ਼ੇ ਵਿੱਚ ਨੈਸ਼ਨਲ ਪਬਲਿਕ ਸਕੂਲ ਕੁਰਾਲੀ ਦੀ ਸ਼ੁਭਪ੍ਰੀਤ ਕੌਰ ਤੇ ਸਤਲੁਜ ਪਬਲਿਕ ਸਕੂਲ ਰੂਪਨਗਰ ਦੀ ਚਾਂਦਨੀ ਨੂੰ ਕੰਸੋਲੇਸ਼ਨ ਇਨਾਮ ਦਿੱਤੇ ਗਏ। ਇਨ੍ਹਾਂ ਮੁਕਾਬਲਿਆਂ ਦੇ ਜੱਜਾਂ ਦੀ ਭੂਮਿਕਾ ਨੈਸ਼ਨਲ ਯੂਥ ਐਵਾਰਡੀ ਯੋਗੇਸ਼ ਮੋਹਨ ਪੰਕਜ, ਲਿਖਾਰੀ ਯਤਿੰਦਰ ਕੌਰ ਮਾਹਲ, ਸਾਹਿਤਕਾਰ ਦੇਵਿੰਦਰ ਸਿੰਘ ਜਟਾਣਾ, ਡਾ.ਹਰਚਰਨ ਦਾਸ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ, ਪ੍ਰੋ.ਵਿਪਨ ਕੁਮਾਰ ਅਤੇ ਸਾਬਕਾ ਲੈਕਚਰਾਰ ਭਗਵੰਤ ਕੌਰ ਨੇ ਨਿਭਾਈ। ਵਿਦਿਆਰਥੀਆਂ ਨੂੰ ਸਟੇਜ 'ਤੇ ਪੇਸ਼ ਕਰਨ ਦੀ ਜ਼ਿੰਮੇਵਾਰੀ ਟਰੱਸਟੀ ਡਾ.ਜਸਵੰਤ ਕੌਰ ਸੈਣੀ ਅਤੇ ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ ਨੇ ਨਿਭਾਈ। ਪ੍ਰਤਿਯੋਗਤਾ ਦਾ ਆਰੰਭ ਮਾਂ ਸਰਸਵਤੀ ਦੀ ਤਸਵੀਰ ਅੱਗੇ ਸ਼ਮ੍ਹਾਂ ਰੋਸ਼ਨ ਕਰਕੇ ਕੀਤਾ ਗਿਆ। ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਹਾਜ਼ਰ ਮਹਿਮਾਨਾਂ ਦਾ ਸਵਾਗਤ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਕੀਤਾ ਅਤੇ ਉਨ੍ਹਾਂ ਨੇ ਭਾਸ਼ਣ ਪ੍ਰਤਿਯੋਗਤਾ ਦੇ ਉਦੇਸ਼ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਬਤੌਰ ਮੁੱਖ ਮਹਿਮਾਨ ਐਡਵੋਕੇਟ ਹਰਸਿਮਰ ਸਿੰਘ ਡਿਪਟੀ ਐਡਵੋਕੇਟ ਜਨਰਲ ਪੰਜਾਬ ਨੇ ਸਿਰਕਤ ਕੀਤੀ। ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਆਏ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਅਮਰਜੀਤ ਸਿੰਘ, ਰਾਮ ਸਿੰਘ ਸੈਣੀ, ਹਰਜੀਤ ਸਿੰਘ ਸੈਣੀ, ਰਾਜਿੰਦਰ ਸਿੰਘ ਗਿਰਨ, ਜਗਦੇਵ ਸਿੰਘ, ਹਰਜੀਤ ਸਿੰਘ ਗਿਰਨ, ਬਹਾਦਰਜੀਤ ਸਿੰਘ, ਹਰਦੀਪ ਸਿੰਘ ਆਦਿ ਹਾਜ਼ਰ ਸਨ।



**ਵਿਦਿਆਰਥੀਆਂ ਦਾ ਵਜ਼ੀਫ਼ਾ ਵੰਡ ਸਮਾਰੋਹ–**

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਵਲੋਂ 12 ਅਕਤੂਬਰ, 2022 ਨੂੰ ਸੈਣੀ ਭਵਨ ਵਿਖੇ ਆਯੋਜਿਤ ਸਾਲਾਨਾ ਸਿੱਖਿਆ ਸਮਾਗਮ-2022 ਦੌਰਾਨ ਉਚੇਰੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਜ਼ਰੂਰਤਮੰਦ 112 ਵਿਦਿਆਰਥੀਆਂ ਨੂੰ 6 ਲੱਖ 62 ਹਜ਼ਾਰ ਰੁਪਏ ਅਤੇ ਐਲ. ਆਰ. ਮੁੰਦਰਾ ਮੈਮੋਰੀਅਲ ਸਕਾਲਰਸਿੱਪ ਤਹਿਤ 3 ਲੱਖ ਰੁਪਏ ਦੋ ਵਿਦਿਆਰਥੀਆਂ-ਇੱਕ, ਇੰਡੀਅਨ ਇੰਸਟੀਚਿਊਟ ਆਫ ਸਾਇੰਸ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ (ਆਈ.ਆਈ.ਐਸ.ਈ.ਆਰ) ਵਿੱਚ ਜੀਵ ਵਿਗਿਆਨ ਦੀ ਪੜ੍ਹਾਈ ਕਰ ਰਹੀ ਵਿਦਿਆਰਥਣ ਸਵੇਤਾ ਸੈਣੀ ਅਤੇ ਦੂਜਾ ਆਈ.ਆਈ.ਟੀ. ਰੋਪੜ ਤੋਂ ਪੀ.ਐਚ.ਡੀ ਕਰ ਰਹੇ ਵਿਦਿਆਰਥੀ ਅਦਿਤਿਆਬੀਰ ਸਿੰਘ ਨੂੰ ਦਿੱਤੇ ਗਏ। ਵਿਦਿਆਰਥੀਆਂ ਨੂੰ ਵਜ਼ੀਫੇ ਦੇ ਚੈੱਕ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੇ ਪਿਤਾ ਸ.ਸੋਹਣ

ਸਿੰਘ ਬੈਂਸ ਅਤੇ ਉਨ੍ਹਾਂ ਦੇ ਮਾਤਾ ਸ਼੍ਰੀਮਤੀ ਬਲਵਿੰਦਰ ਕੌਰ ਬੈਂਸ ਨੇ ਵੰਡੇ। ਇਸ ਮੌਕੇ ਉਨ੍ਹਾਂ ਨਾਲ ਪਹੁੰਚੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ. ਹਰਮਿੰਦਰ ਸਿੰਘ ਢਾਹੇ, ਜ਼ਿਲ੍ਹਾ ਯੂਥ ਪ੍ਰਧਾਨ ਸ. ਕਮਿੱਕਰ ਸਿੰਘ ਡਾਢੀ ਅਤੇ ਜ਼ਿਲ੍ਹਾ ਸਕੱਤਰ ਰਾਮ ਕੁਮਾਰ ਮੁਕਾਰੀ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੈਣੀ ਭਵਨ ਸੰਸਥਾ ਵਧਾਈ ਦੀ ਪਾਤਰ ਹੈ ਕਿ ਇਹ ਲੋਕਾਂ ਵਿੱਚ ਸਿੱਖਿਆ ਦੇ ਪਾਸਾਰ ਲਈ ਲਗਾਤਾਰ ਯਤਨਸ਼ੀਲ ਹੈ। ਇਸ ਸਮਾਗਮ ਵਿੱਚ 8 ਅਕਤੂਬਰ ਨੂੰ ਕਰਵਾਏ ਗਏ ਭਾਸ਼ਣ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸੰਸਥਾ ਵਿੱਚੋਂ ਸਿਲਾਈ ਕਢਾਈ ਦਾ ਕੋਰਸ ਪੂਰਾ ਕਰਨ ਵਾਲੀਆਂ ਸਿੱਖਿਆਰਥਣਾਂ ਨੂੰ ਸਰਟੀਫਿਕੇਟ ਵੀ ਵੰਡੇ ਗਏ। ਸਮਾਗਮ ਦੇ ਆਰੰਭ ਵਿੱਚ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ, ਵਿਦਿਆਰਥੀਆਂ ਤੇ ਪਤਵੰਤਿਆਂ ਦਾ ਸਵਾਗਤ ਕੀਤਾ। ਵਾਇਸ ਚੇਅਰਮੈਨ ਡਾ. ਅਜਮੇਰ ਸਿੰਘ ਨੇ ਸੈਣੀ ਭਵਨ ਦੀਆਂ ਸਮਾਜ ਸੇਵਾਵਾਂ ਦਾ ਵੇਰਵਾ ਸਾਂਝਾ ਕੀਤਾ ਅਤੇ ਚੇਅਰਮੈਨ ਬਲਬੀਰ ਸਿੰਘ ਸੈਣੀ ਨੇ ਟਰੱਸਟ ਵਲੋਂ ਦਿੱਤੇ ਜਾ ਰਹੇ ਵਜ਼ੀਫਿਆਂ ਬਾਰੇ ਵਿਸਥਾਰ ਨਾਲ ਦੱਸਿਆ। ਇਸ ਮੌਕੇ ਟਰੱਸਟ ਦੇ ਸਕੱਤਰ ਅਮਰਜੀਤ ਸਿੰਘ ਨੇ ਵਜ਼ੀਫੇ ਲੈਣ ਵਾਲਿਆਂ ਨੂੰ ਆਪਣੀ ਸਖ਼ਸੀਅਤ ਨੂੰ ਨਿਖਾਰਨ ਦੇ ਗੁਰ ਦੱਸੇ। ਇਸ ਸਮੇਂ ਸ. ਗੁਰਮੁੱਖ ਸਿੰਘ ਸੈਣੀ ਸਾਬਕਾ ਐਮ. ਸੀ ਨੇ ਵਜ਼ੀਫੇ ਦੇਣ ਲਈ 50 ਹਜ਼ਾਰ ਰੁਪਏ, ਦੇਵਿੰਦਰ ਸਿੰਘ ਜਟਾਣਾ ਨੇ 25 ਹਜ਼ਾਰ ਰੁਪਏ ਅਤੇ ਹਰਜੀਤ ਸਿੰਘ ਗਿਰਨ ਨੇ 10 ਹਜ਼ਾਰ ਰੁਪਏ ਦਾਨ ਕੀਤੇ। ਸਮਾਗਮ ਨੂੰ ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਦੇਵਿੰਦਰ ਸਿੰਘ ਜਟਾਣਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸੰਸਥਾ ਦੀ ਪ੍ਰਬੰਧਕੀ ਕਮੇਟੀ ਮੈਂਬਰਾਂ-ਕੈਪਟਨ ਹਾਕਮ ਸਿੰਘ, ਰਾਮ ਸਿੰਘ ਸੈਣੀ, ਡਾ. ਜਸਵੰਤ ਕੌਰ, ਬਹਾਦਰਜੀਤ ਸਿੰਘ, ਜਗਦੇਵ ਸਿੰਘ, ਰਾਜਿੰਦਰ ਸਿੰਘ ਗਿਰਨ, ਹਰਜੀਤ ਸਿੰਘ ਗਿਰਨ, ਸੁਰਿੰਦਰ ਸਿੰਘ, ਪ੍ਰਿਤਪਾਲ ਸਿੰਘ, ਹਰਦੀਪ ਸਿੰਘ ਤੋਂ ਇਲਾਵਾ ਸ.ਸੁਖਵਿੰਦਰ ਸਿੰਘ ਮੋਹਾਲੀ, ਇੰਜ. ਅਮਰੀਕ ਸਿੰਘ, ਅਵਤਾਰ ਸਿੰਘ ਲੋਂਗੀਆ, ਕਰਮਜੀਤ ਸਿੰਘ ਨਿੱਕੂਵਾਲ, ਜੁਝਾਰ ਸਿੰਘ ਆਦਿ ਵੀ ਹਾਜ਼ਰ ਸਨ। ਇਸ ਸਮੇਂ ਸੰਸਥਾ ਦੀਆਂ ਸਿੱਖਿਆਰਥਣਾਂ ਵਲੋਂ ਪ੍ਰਭਾਵਸ਼ਾਲੀ ਕਲਚਰਲ ਪ੍ਰੋਗਰਾਮ ਪੇਸ਼ ਕੀਤਾ ਗਿਆ।

**ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦੇ 46ਵੇਂ ਅੰਕ ਦਾ ਲੋਕਅਰਪਣ:-**

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਵਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਸਮਾਜਿਕ ਚੇਤਨਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦਾ 46ਵਾਂ ਅੰਕ 8 ਅਕਤੂਬਰ, 2022 ਨੂੰ ਸੈਣੀ ਭਵਨ ਵਿਖੇ ਲੋਕਅਰਪਣ ਕੀਤਾ ਗਿਆ। ਮੈਗਜ਼ੀਨ ਨੂੰ ਜਾਰੀ ਕਰਨ ਦੀ ਰਸਮ ਪੰਜਾਬ ਦੇ ਡਿਪਟੀ ਐਡਵੋਕੇਟ ਜਨਰਲ ਹਰਸਿਮਰ ਸਿੰਘ ਸਿੱਟਾ ਨੇ ਅਦਾ ਕੀਤੀ। ਇਸ ਮੌਕੇ 'ਤੇ ਬੋਲਦਿਆਂ ਮੁੱਖ ਮਹਿਮਾਨ ਨੇ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਸਮਾਜ ਸੇਵਾ ਦੇ ਕਾਰਜਾਂ ਦੇ ਨਾਲ ਨਾਲ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਲਈ ਵਧਾਈ ਦਿੱਤੀ। ਉਨ੍ਹਾਂ ਸੰਸਥਾ ਦੀ ਚੜ੍ਹਦੀ ਕਲਾ ਲਈ ਆਪਣੀਆਂ ਸ਼ੁੱਭ ਇਛਾਵਾਂ ਪ੍ਰਗਟ ਕਰਦਿਆਂ ਸੰਸਥਾ ਨੂੰ 5000/-ਰੁਪਏ ਦੀ ਮਾਲੀ ਮਦਦ ਵੀ ਦਿੱਤੀ। ਇਸ ਮੌਕੇ ਤੇ ਸੰਸਥਾ ਦੇ ਲੋਕ ਭਲਾਈ ਕਾਰਜਾਂ ਬਾਰੇ ਸੰਸਥਾ ਦੇ ਚੇਅਰਮੈਨ ਡਾ. ਅਜਮੇਰ ਸਿੰਘ ਤੰਬੜ ਨੇ ਜਾਣਕਾਰੀ ਸਾਂਝੀ ਕੀਤੀ ਅਤੇ ਟਰੱਸਟ ਦੇ ਪੀਆਰਓ ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਸਮਾਗਮ ਵਿੱਚ ਸੰਸਥਾ ਦੇ ਪ੍ਰਬੰਧਕਾਂ ਤੋਂ ਇਲਾਵਾ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਡਾ.ਹਰਚਰਨ ਦਾਸ, ਲਿਖਾਰੀ ਯਤਿੰਦਰ ਕੌਰ ਮਾਹਲ, ਪ੍ਰੋ. ਵਿਪਨ ਕੁਮਾਰ, ਭਗਵੰਤ ਕੌਰ, ਯੋਗੇਸ਼ ਮੋਹਨ ਪੰਕਜ, ਇੰਜ.ਅਵਤਾਰ ਸਿੰਘ ਲੋਂਗੀਆ ਅਤੇ ਸ.ਅਮਰੀਕ ਸਿੰਘ ਆਦਿ ਹਾਜ਼ਰ ਸਨ।

**ਪੁਸਤਕ ''ਸੈਣੀ ਸਿੱਖ ਮਰਜੀਵੜਾ ਵਿਰਾਸਤ'' ਦਾ ਲੋਕਅਰਪਣ-**

ਸ.ਸੁਰਜੀਤ ਸਿੰਘ ਨਨੂੰਆ ਦੀ ਇਹ ਨਵੀਂ ਪੁਸਤਕ 20 ਨਵੰਬਰ, 2022 ਨੂੰ ਸੈਣੀ ਭਵਨ ਵਿਖੇ ਸਾਦੇ ਪਰ ਪ੍ਰਭਾਵਸ਼ਾਲੀ ਇਕੱਠ ਵਿੱਚ ਸੰਤ ਬਾਬਾ ਅਵਤਾਰ ਸਿੰਘ ਗੁਰਦੁਆਰਾ ਹੈਡ ਦਰਬਾਰ ਕੋਟਿ ਪੁਰਾਣ ਵਾਲਿਆਂ ਨੇ ਪਾਠਕਾਂ ਦੇ ਸਪੁਰਦ ਕੀਤੀ। ਉਨ੍ਹਾਂ ਨਨੂੰਆ ਜੀ ਦੀ ਪੁਰਾਤਨ ਸਿੱਖ ਭਗਤਾਂ, ਚਿੰਤਕਾਂ, ਕਵੀਆਂ ਤੇ ਰਾਗੀਆਂ ਦੀ ਜੀਵਨੀ ਅਤੇ ਕੰਮਾਂ ਦੀ ਜਾਣਕਾਰੀ ਇਕਠੀ ਕਰਕੇ ਪੁਸਤਕ ਵਿੱਚ ਕਲਮਬਧ ਕਰਨ'ਤੇ ਮੁਬਾਰਕ ਦਿੱਤੀ। ਸ.ਦੇਵਿੰਦਰ ਸਿੰਘ ਜਟਾਣਾ ਨੇ ਲੇਖਕ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਉਹ ਦਰਜਨਾਂ ਪੁਸਤਕਾਂ ਤੇ ਲੇਖ ਪੰਜਾਬੀ ਮਾਂ ਬੋਲੀ ਦੀ ਝੋਲੀ ਪਾ ਚੁੱਕੇ ਹਨ। ਇਸ ਮੌਕੇ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਦੇ ਜਨਰਲ ਸਕੱਤਰ ਬਲਬੀਰ ਸਿੰਘ ਸੈਣੀ ਨੇ ਲੇਖਕ ਦੀਆਂ ਵਾਯੂ ਸੈਨਾ ਅਤੇ ਭਾਸ਼ਾ ਵਿਭਾਗ ਵਿੱਚ ਸੇਵਾਵਾਂ ਦਾ ਜ਼ਿਕਰ ਕੀਤਾ ਅਤੇ ਸੁਭ ਇਛਾਵਾਂ ਦਿੱਤੀਆਂ। ਹਰਿਆਣਾ ਤੋਂ ਆਏ ਜਥੇਦਾਰ ਸੁਖਮਿੰਦਰ ਸਿੰਘ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ.ਹਰਜੀਤ ਸਿੰਘ ਲੌਂਗੀਆ, ਸ.ਰਾਮ ਸਿੰਘ ਸੈਣੀ, 'ਆਪਣਾ ਘਰ' ਦੇ ਪ੍ਰਧਾਨ ਰਾਜਿੰਦਰ ਸੈਣੀ ਅਤੇ ਸ. ਅਮਰਜੀਤ ਸਿੰਘ ਨੇ ਪੁਸਤਕ ਬਾਰੇ ਚਰਚਾ ਵਿੱਚ ਹਿਸਾ ਲਿਆ। ਆਖੀਰ ਵਿੱਚ ਸ.ਗੁਰਮੁੱਖ ਸਿੰਘ ਸੈਣੀ ਨੇ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕੀਤਾ।

**ਸਿਖਿਆਰਥਣਾਂ ਦੇ ਸਿਲਾਈ, ਕਢਾਈ ਅਤੇ ਹਾਰ-**

**ਸ਼ਿੰਗਾਰ ਦੇ ਮੁਕਾਬਲੇ** -ਸੈਣੀ ਭਵਨ ਦੇ ਕੰਪਲੈਕਸ ਵਿੱਚ ਲੋੜਵੰਦ ਲੜਕੀਆਂ ਨੂੰ ਸਿਲਾਈ ਕਢਾਈ, ਫੈਸ਼ਨ ਡਿਜ਼ਾਇਨਿੰਗ, ਬਿਊਟੀਸ਼ਨ ਆਰਟ ਅਤੇ ਕੰਪਿਊਟਰ ਟਰੇਨਿੰਗ ਦੇ ਸਿਖਲਾਈ ਕੋਰਸ ਕਰਵਾਏ ਜਾਂਦੇ ਹਨ। ਇਨ੍ਹਾਂ



ਮੁਕਾਬਲਿਆਂ ਵਿਚ ਗਲੇ ਦੇ ਡੀਜ਼ਾਇਨ ਬਣਾਉਣ ਵਿਚ ਆਂਚਲ ਸਿੰਘ ਪਹਿਲੇ ਨੰਬਰ 'ਤੇ ਅਤੇ ਪਰੀਤੀ ਦੂਜੇ ਨੰਬਰ 'ਤੇ ਰਹੀ। ਸਲਵਾਰਾਂ ਦੇ ਪੌਂਹਚੇ ਦੇ ਡੀਜ਼ਾਇਨ ਵਿਚ ਬੇਅੰਤ ਕੌਰ ਪਹਿਲੇ ਅਤੇ ਸੀਮਾ ਰਾਣੀ ਦੂਜੇ ਸਥਾਨ 'ਤੇ ਰਹੀ। ਕਲਰ ਪੇਟਿੰਗ ਮੁਕਾਬਲੇ ਵਿਚ ਕਮਲਜੀਤ ਕੌਰ ਪਹਿਲੇ ਅਤੇ ਸਿਮਰਨਪ੍ਰੀਤ ਦੂਜੇ ਸਥਾਨ 'ਤੇ ਰਹੀ। ਕਢਾਈ ਮੁਕਾਬਲੇ ਵਿਚ ਤਾਨਿਆ ਪਹਿਲੇ ਅਤੇ ਪਰਮਜੀਤ ਕੌਰ ਦੂਜੇ ਸਥਾਨ 'ਤੇ ਰਹੀ। ਹਾਰ-ਸ਼ਿੰਗਾਰ ਮੁਕਾਬਲੇ ਵਿਚ ਰਮਨਜੀਤ ਕੌਰ ਪਹਿਲੇ ਅਤੇ ਸਿਮਰਨਪ੍ਰੀਤ ਕੌਰ ਦੂਜੇ ਸਥਾਨ 'ਤੇ ਰਹੀ। ਮਹਿੰਦੀ ਮੁਕਾਬਲੇ ਵਿਚ ਅਨੁਰਾਧਾ ਪਹਿਲੇ ਅਤੇ ਪੂਜਾ ਦੇਵੀ ਦੂਜੇ ਸਥਾਨ 'ਤੇ ਰਹੀ। ਮੁਕਾਬਲੇ ਵਿਚ ਜੱਜਾਂ ਦੀ ਭੂਮਿਕਾ ਮੈਡਮ ਭਗਵੰਤ ਕੌਰ, ਮੈਡਮ ਤ੍ਰਿਪਤਾ ਚਾਨਣਾ ਅਤੇ ਮੈਡਮ ਸਪਿੰਦਰ ਕੌਰ ਵਲੋਂ ਨਿਭਾਈ ਗਈ। ਸਿਖਲਾਈ ਕੇਂਦਰਾਂ ਦੇ ਇੰਚਾਰਜ ਅਮਰਜੀਤ ਸਿੰਘ ਸੈਣੀ ਵਲੋਂ ਨਤੀਜਿਆਂ ਦਾ ਐਲਾਨ ਕੀਤਾ ਗਿਆ। ਡਾ.ਨਮਰਤਾ ਪਰਮਾਰ ਵਲੋਂ ਆਪਣੇ ਸੰਦੇਸ਼ ਵਿਚ ਸਿਖਿਆਰਥਣਾਂ ਨੂੰ ਆਪਣੀ ਸਿਖਲਾਈ ਮਿਹਨਤ ਨਾਲ ਪੂਰੀ ਕਰਨ ਅਤੇ ਲਗਨ ਨਾਲ ਕੰਮ ਕਰਨ ਦੀ ਤਾਕੀਦ ਕੀਤੀ ਗਈ। ਉਨ੍ਹਾਂ ਨੇ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਕੀਤੇ ਜਾ ਰਹੇ ਲੋਕ ਭਲਾਈ ਕਾਰਜਾਂ ਦੀ ਸ਼ਲਾਘਾ ਕੀਤੀ ਗਈ। ਸਟੇਜ ਸਕੱਤਰ ਦੀ ਭੂਮਿਕਾ ਰਾਜਿੰਦਰ ਸਿੰਘ ਨਨ੍ਹੂਆਂ ਵਲੋਂ ਬਾਖੂਬੀ ਨਿਭਾਈ ਗਈ। ਸ.ਬਲਬੀਰ ਸਿੰਘ ਸੈਣੀ, ਜਨਰਲ ਸਕੱਤਰ ਵੱਲੋਂ ਮੁੱਖ ਮਹਿਮਾਨ ਅਤੇ ਸ਼ਾਮਲ ਹੋਈਆਂ ਸਖਸੀਅਤਾਂ ਅਤੇ ਵਿਸ਼ੇਸ਼ ਤੌਰ 'ਤੇ ਇੰਨਰਵੀਲ ਕਲੱਬ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਵਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ।ਇਸ ਮੌਕੇ ਤੇ ਰਾਮ ਸਿੰਘ ਸੈਣੀ, ਮੀਤ ਪ੍ਰਧਾਨ,ਹਰਜੀਤ ਸਿੰਘ ਸੈਣੀ, ਕੈਪਟਨ ਹਾਕਮ ਸਿੰਘ, ਬਹਾਦਰਜੀਤ ਸਿੰਘ, ਦਲਜੀਤ ਸਿੰਘ, ਰਾਜਿੰਦਰ ਸਿੰਘ ਸੈਣੀ, ਹਰਦੀਪ ਸਿੰਘ ਮੈਨੇਜਰ, ਪ੍ਰਿੰਸੀਪਲ ਚੰਦਰਕਾਂਤਾ (ਰਿਟਾ:), ਤਜਵਿੰਦਰ ਕੌਰ, ਜਸਵੰਤ ਕੌਰ, ਮਨਮੋਹਨ ਕੌਰ, ਹਰਮਿੰਦਰ ਕੌਰ ਅਤੇ ਸਮੂਹ ਸਟਾਫ ਹਾਜਰ ਸਨ।

**ਸੈਣੀ ਭਵਨ ਦੇ ਮੋਢੀ ਦਾ ਜਨਮ ਦਿਨ ਮਨਾਇਆ:**

ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ (ਰਜਿ.) ਦੀ ਪ੍ਰਬੰਧਕੀ ਕਮੇਟੀ ਵਲੋਂ ਪਹਿਲੀ ਅਕਤੂਬਰ,2022 ਨੂੰ ਬਜ਼ੁਰਗਾਂ ਦੀ ਭਲਾਈ ਲਈ ਚਲਾਏ ਜਾ ਰਹੇ 'ਆਪਣਾ ਘਰ' ਵਿੱਚ ਇਸ ਦੇ ਬਾਨੀ ਸਵਰਗੀ ਸ਼੍ਰੀ ਲੇਖ ਰਾਜ ਮੁੰਦਰਾ ਦਾ 101ਵਾਂ ਜਨਮ ਦਿਨ ਮਨਾਇਆ ਗਿਆ।ਇਸ ਮੌਕੇ "ਆਪਣਾ ਘਰ" 'ਚ ਰਹਿ ਰਹੇ ਬਜ਼ੁਰਗਾਂ ਤੋਂ ਕੇਕ ਕੱਟਵਾਇਆ ਗਿਆ। ਜ਼ਿਲ੍ਹਾ ਪੁਲਿਸ ਸਾਂਝ ਕਮੇਟੀ ਦੇ ਇੰਚਾਰਜ ਇੰਸਪੈਕਟਰ ਰਣਜੀਤ ਸਿੰਘ ਬਡਵਾਲ ਅਤੇ ਇੰਨਰਵੀਲ ਕਲੱਬ ਦੀ ਪ੍ਰਧਾਨ ਸ਼੍ਰੀਮਤੀ ਮੀਨਲ ਵਾਸੂਦੇਵਾ ਆਪਣੇ ਸਹਿਯੋਗੀਆਂ ਸਮੇਤ ਇਸ ਸਮਾਗਮ ਵਿੱਚ ਸ਼ਾਮਲ ਹੋਏ। ਸਮਾਗਮ ਨੂੰ ਸੰਬੋਧਨ ਕਰਦਿਆ ਟਰੱਸਟ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਸਭ ਦਾ ਸਵਾਗਤ ਕੀਤਾ। ਇਸ ਸਮੇਂ ਸੈਣੀ ਭਵਨ ਦੇ ਕੁੱਝ ਟਰਸਟੀਆਂ ਤੋਂ ਇਲਾਵਾ ਸ਼ਹਿਰ ਦੇ ਪਤਵੰਤੇ ਸੱਜਣ ਹਾਜ਼ਰ ਸਨ।

**ਦੀਵਾਲੀ ਮਨਾਈ**-

ਰੌਸ਼ਨੀਆਂ ਦੇ ਸ਼ੁਭ ਮੌਕੇ, 25 ਅਕਤੂਬਰ, 2022 ਨੂੰ ਰੂਪਨਗਰ ਵਿਧਾਨ ਸਭਾ ਹਲਕੇ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਆਪਣੀ ਪਤਨੀ ਸ਼੍ਰੀਮਤੀ ਨਿਸ਼ਾ ਚੱਢਾ ਅਤੇ ਆਮ ਆਦਮੀ ਪਾਰਟੀ ਦੇ ਹੋਰ ਜ਼ਿਲ੍ਹਾ ਅਹੁਦੇਦਾਰਾਂ ਨਾਲ "ਆਪਣਾ ਘਰ" ਵਿੱਚ ਆ ਕੇ ਬਜ਼ੁਰਗਾਂ ਪ੍ਰਤੀ ਗਹਿਰੇ ਪਿਆਰ ਅਤੇ ਸਤਿਕਾਰ ਦਾ ਇਜ਼ਹਾਰ ਕੀਤਾ। ਉਨ੍ਹਾਂ ਨੇ ਬਜ਼ੁਰਗਾਂ ਦੀ ਭਲਾਈ ਲਈ ਇਸ ਸੰਸਥਾ ਨੂੰ 21000 ਰੁਪਏ ਦਾਨ ਦਿੱਤੇ।

**ਨਵੇਂ ਸਾਲ ਦਾ ਸਵਾਗਤ**-

ਸੈਣੀ ਭਵਨ ਦੇ ਪ੍ਰਬੰਧਕਾਂ ਨੇ ਪਹਿਲੀ ਜਨਵਰੀ, 2023 ਨੂੰ ਭਰਤਗੜ੍ਹ ਵਿਖੇ ਹੋਟਲ 'ਹਵੇਲੀ' ਵਿੱਚ ਨਵੇਂ ਸਾਲ ਦੇ ਆਗਮਨ ਨੂੰ 'ਜੀ ਆਇਆਂ' ਕਿਹਾ ਗਿਆ। ਇਸ ਸਮੇਂ ਪਰਿਵਾਰਾਂ ਸਮੇਤ ਦੁਪਹਿਰ ਦਾ ਭੋਜਨ ਕਰ ਕੇ ਬੀਤੇ ਸਾਲ ਦੀਆਂ ਸੈਣੀ ਭਵਨ ਦੀਆਂ ਗਤੀਵਧੀਆਂ ਦਾ ਮੁਲੰਕਣ ਕੀਤਾ ਗਿਆ ਅਤੇ ਨਵੇਂ ਸਾਲ ਲਈ ਯੋਜਨਾਵਾਂ ਦੀ ਰੂਪਰੇਖਾ ਤਿਆਰ ਕੀਤੀ ਗਈ। ਸਾਰਿਆਂ ਨੇ ਸਮਾਜਸੇਵਾ ਲਈ ਹੋਰ ਵੀ ਵੱਧ ਉਤਸ਼ਾਹ ਨਾਲ ਕੰਮ ਕਰਨ ਦਾ ਨਿਸ਼ਚਾ ਕੀਤਾ।



# ਸੈਣੀ ਬਰਾਦਰੀ ਦਾ ਮਾਣਮੱਤਾ ਇਤਿਹਾਸ

ਸਵ: ਚੌਧਰੀ ਸ਼ਿਵ ਲਾਲ
ਗੁਰਦਾਸਪੁਰ

(ਸੈਣੀ ਸੰਸਾਰ ਮੈਗਜ਼ੀਨ ਦੇ 46ਵੇਂ ਅੰਕ ਵਿੱਚ ' ਸੈਣੀ ਜਾਤ ਦਾ ਆਰੰਭ' ਸਿਰਲੇਖ ਅਧੀਨ ਸੈਣੀ ਇਤਿਹਾਸ ਬਾਰੇ ਪ੍ਰੋ. ਕਰਤਾਰ ਸਿੰਘ ਜੀ ਦੇ ਵਿਚਾਰ ਹਵਾਲਿਆਂ ਸਹਿਤ ਪ੍ਰਕਾਸ਼ਿਤ ਕੀਤੇ ਗਏ ਸਨ। ਇਸ ਅੰਕ ਵਿੱਚ ਚੌਧਰੀ ਸ਼ਿਵ ਲਾਲ ਵਾਸੀ ਪਿੰਡ ਮੁਰਾਰ ਜ਼ਿਲ੍ਹਾ ਗੁਰਦਾਸਪੁਰ ਜੀ ਦੁਆਰਾ ਪੁਰਾਤਨ ਧਾਰਮਿਕ ਹਿੰਦੂ ਗ੍ਰੰਥਾਂ ਅਤੇ ਅਗਰੇਜ਼ ਅਫ਼ਸਰ ਕਰਨਲ ਟਾਡ ਦੀ ਖੋਜ ਦੇ ਹਵਾਲਿਆਂ ਨਾਲ 1915 ਵਿੱਚ ਉਰਦੂ ਵਿੱਚ ਲਿਖੀ ਪੁਸਤਕ,'ਤਵਾਰੀਖ ਕੌਮ ਸ਼ੁਰ ਸੈਣੀ'ਵਿੱਚ ਪ੍ਰਗਟ ਕੀਤੇ ਵਿਚਾਰ ਛਾਪੇ ਜਾ ਰਹੇ ਹਨ। ਇਸ ਪੁਸਤਕ ਦਾ ਪੰਜਾਬੀ ਜ਼ੁਬਾਨ ਵਿੱਚ ਅਨੁਵਾਦ ਲੰਡਨ ਵਾਸੀ ਸ. ਕਾਬਲੀ ਹਰਭਜਨ ਸਿੰਘ ਨੇ 2021-22 ਵਿੱਚ ਪੁਸਤਕ,' ਸ਼ੁਰ ਸੈਣੀ ਸਮਾਜ ਦਾ ਇਤਿਹਾਸ' ਦੇ ਰੂਪ ਵਿੱਚ ਪ੍ਰਕਾਸ਼ਿਤ ਕਰਵਾਇਆ ਹੈ। ਇਸ ਪੁਸਤਕ ਦੇ ਇੱਕ ਲੇਖ 'ਸ਼ੂਰ ਸੈਣੀ ਕੌਮ ਕਿੱਦਾਂ ਚੱਲੀ' ਨੂੰ ਹੂਬਹੂ ਛਾਪਿਆ ਜਾ ਰਿਹਾ ਹੈ।)-ਸੰਪਾਦਕ

ਸ੍ਰੀ ਕ੍ਰਿਸ਼ਨ ਜੀ ਯਾਦਵ ਵੰਸ਼ੀ ਅਖਵਾਉਂਦੇ ਸਨ। ਯਾਦਵ ਕੌਮ ਮਹਾਰਾਜਾ ਯਾਦੂ ਦੇ ਨਾਂਅ ਨਾਲ ਆਰੰਭ ਹੋਈ। ਮਹਾਰਾਜ ਯਾਦਵ ਦੇ ਵਡੇਰੇ ਪਹਿਲਾਂ ਚੰਦਰਵੰਸ਼ੀ ਅਖਵਾਉਂਦੇ ਰਹੇ ਸਨ। ਜਦੋਂ ਤੱਕ ਹਜ਼ਾਤ ਦੇ ਪੁੱਤਰ ਰਾਜ ਕੁਮਾਰ ਯਾਦਵ ਵੰਸ਼ੀ ਨਾਲ ਯਾਦੂਵੰਸ਼ੀ ਕੌਂ ਆਰੰਭ ਨਹੀਂ ਹੋਈ ਉੱਦੋਂ ਤੱਕ ਹਿੰਦੂਆਂ ਦੇ ਯਕੀਨ ਅਨੁਸਾਰ ਸਭ ਤੋਂ ਪਹਿਲਾਂ ਨਾਰਾਇਣ ਜੀ ਤੋਂ 'ਬ੍ਰਹਮਾ' ਜੀ ਪ੍ਰਗਟ ਹੋਏ।

ਬ੍ਰਹਮਾ ਜੀ ਤੋਂ ਤਿੰਨ ਪੀੜ੍ਹੀਆਂ ਬਾਅਦ ਬ੍ਰਹਮਾ ਜੀ ਦੇ ਪੁੱਤਰ 'ਉੱਤਰੇ' ਪੈਦਾ ਹੋਇਆ। ਇਨ੍ਹਾਂ ਦੇ ਪੋਤਰੇ ਦਾ ਨਾਂ 'ਸਮੁਦਰ' ਸੀ। ਸਮੁਦਰ ਦੇ ਬੇਟੇ ਦਾ ਨਾਂਅ ਸੋਮਭਾਵ ਚੰਦਰ ਸੀ। ਇੱਥੋਂ ਹੀ ਚੰਦਰਵੰਸ਼ੀ ਖਾਨਦਾਨ ਦਾ ਮੁੱਢ ਬਣਿਆਂ। ਸੋਮ ਤੋਂ ਸੱਤ ਪੁਸ਼ਤਾਂ ਬਾਅਦ 'ਹਜ਼ਾਤ' ਪੈਦਾ ਹੋਇਆ। ਹਜ਼ਾਤ ਆਪਣੇ ਜ਼ਮਾਨੇ 'ਚ ਚੱਕਰਵਰਤੀ ਤੇ ਨਾਮਵਰ ਮਹਾਰਾਜਾ ਹੋਇਆ। ਇਸ ਦੇ ਵੱਡੇ ਬੇਟੇ ਦਾ ਨਾਂ 'ਯਾਦਵ' ਸੀ। ਇਸ ਤੋਂ ਹੀ ਯਾਦਵ ਵੰਸ਼ੀ ਕੌਮ ਮਸ਼ਹੂਰ ਹੋਈ।

ਰਾਜਾ ਯਾਦਵ ਤੋਂ 42 ਪੀੜ੍ਹੀਆਂ ਤੱਕ ਯਾਦਵ ਦੀ ਔਲਾਦ ਯਾਦਵ ਵੰਸ਼ੀ ਅਖਵਾਉਂਦੀ ਰਹੀ। ਇਸ ਤੋਂ ਬਾਅਦ ਯਾਦਵ ਵੰਸ਼ ਵਿੱਚ ਮਹਾਰਾਜਾ ਵਦੱਤਿਆ ਦੇ ਪੁੱਤਰ ਸ਼ੂਰ ਸੈਣੀ ਪੈਦਾ ਹੋਇਆ। ਸ਼ੂਰ ਦਾ ਬੇਟਾ 'ਸੈਣੀ' ਨਾਮ ਨਾਲ ਜਾਣਿਆਂ ਗਿਆ। ਇਨ੍ਹਾਂ ਪਿਉ-ਪੁੱਤਰ ਦੇ ਨਾਂ 'ਤੇ ਸ਼ੂਰ ਸੈਣੀ ਕੌਮ ਮਸ਼ਹੂਰ ਹੋਈ। ਪਿਛਲੀਆਂ ਪੀੜ੍ਹੀਆਂ 'ਚ ਨਾਂ ਬਦਲਦੇ ਰਹੇ ਪਰ ਇਸ ਦਾ ਕਾਰਨ ਕਿਸੇ ਗਰੰਥ 'ਚ ਨਹੀਂ ਮਿਲਦਾ। ਸੈਣੀ ਤੋਂ ਬਾਅਦ ਪੰਜ ਪੁਸ਼ਤਾਂ ਤੱਕ ਹਾਕਮ ਸ਼ੂਰ ਸੈਣੀ ਅਖਵਾਉਂਦੇ ਰਹੇ। ਸ਼ੂਰ ਤੇ ਸੈਣੀ ਤੋਂ ਬਾਅਦ ਸ੍ਰੀ ਕ੍ਰਿਸ਼ਨ ਜੀ ਤੋਂ ਪਹਿਲਾਂ ਸ਼ੂਰ ਸੈਣੀ ਦੇਸ਼ ਮਸ਼ਹੂਰ ਰਿਹਾ। ਇਸ ਕਾਲ ਵਿੱਚ ਬਹੁਤ ਮਿਸਾਲਾਂ ਮਿਲਦੀਆਂ ਹਨ ਜਿੱਥੋਂ ਪਤਾ ਚੱਲਦਾ ਹੈ ਕਿ ਸ਼ੂਰ ਸੈਣੀ ਨਾਂ ਬੜਾ ਮਸ਼ਹੂਰ ਰਿਹਾ ਪ੍ਰੰਤੂ ਕ੍ਰਿਸ਼ਨ ਜੀ ਲਈ ਆਮ ਕਰ ਕੇ ਯਾਦਵ ਵੰਸ਼ੀ ਦਾ ਨਾਂ ਹੀ ਵਰਤਿਆ ਜਾਂਦਾ ਰਿਹਾ।

ਪ੍ਰੰਤੂ ਪੰਜ ਪੁਸ਼ਤਾਂ ਤੱਕ ਸ਼ੂਰ ਸੈਣੀ ਕੌਮ ਦਾ ਨਾਂ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੇ ਰਹਿਣ ਕਰਕੇ ਇਕ ਦਮ ਛੱਡਿਆ ਨਹੀਂ ਜਾ ਸਕਦਾ ਸੀ। ਇਸ ਲਈ ਕ੍ਰਿਸ਼ਨ ਜੀ ਆਪਣੀ ਸਾਰੀ ਫ਼ੌਜ ਕੌਰਵਾਂ ਨੂੰ ਦੇ ਕੇ ਆਪ ਪਾਂਡਵਾਂ ਦੀ ਮਦਦ ਲਈ ਖੜ੍ਹੇ ਹੋਏ ਤਾਂ ਇਸ ਵੇਲੇ ਰਾਜਾ ਜੋਵੰਸ਼ ਅਰਜਨ ਨੂੰ ਕਹਿੰਦਾ ਹੈ, " ਐ ਅਰਜਨ! ਸੈਣੀਆਂ ਦੀ ਸੈਨਾ ਮੇਰੇ ਸਾਹਮਣੇ ਖੜ੍ਹੀ ਹੈ ਤਾਂ ਤੂੰ ਦੇਖ ਕਿ ਇਹ ਜਿੱਤਦੇ ਹਨ ਕਿ ਮੈਂ"।

ਇਸ ਦੇ ਨਾਲ ਹੀ ਕਰਨਲ ਟਾਡ ਆਪਣੀ ਮਸ਼ਹੂਰ ਕਿਤਾਬ 'ਰਾਡ ਰਾਜਿਸਥਾਨ' 'ਚ ਲਿਖਦਾ ਹੈ,"ਕ੍ਰਿਸ਼ਨ ਜੀ ਨੇ ਦੁਆਪਰ ਯੁੱਗ ਦੇ ਅਖੀਰਲੇ ਦਿਨਾਂ ਵਿੱਚ ਤੇ ਯਸੂ ਮਸੀਹ ਤੋਂ 1100-1200 ਸਾਲ ਪਹਿਲਾਂ ਸਾਫ਼ ਸਾਫ਼ ਆਖਿਆ ਸੀ ਕਿ ਕ੍ਰਿਸ਼ਨ ਜੀ ਨੂੰ ਸ਼ੂਰ ਸੈਣੀ ਕੌਮ ਤੋਂ ਜੋ ਬਰਿਜ ਦੇਸ਼ ਹਾਸਲ ਹੋਇਆ ਸੀ ਉਸ ਵਿੱਚ ਮਥਰਾ ਦਆਲੇ ਦੇ 80 ਮੀਲ ਦੇ ਇਲਾਕੇ ਸ਼ਾਮਲ ਸਨ ਪਰੰਤੂ ਕ੍ਰਿਸ਼ਨ ਜੀ ਨੇ ਹੋਸ਼ ਵੀ ਨਹੀਂ ਸੰਭਾਲੀ ਸੀ ਕਿ ਉਨ੍ਹਾਂ ਦੇ ਮਾਮਾ ਕੰਸ ਨੇ ਜ਼ੋਰ ਨਾਲ ਬਰਿਜ ਦਾ ਇਲਾਕਾ ਵੀ ਖੋਹ ਲਿਆ ਸੀ"

ਕਰਨਲ ਟਾਡ ਇੱਕ ਥਾਂ ਲਿਖਦਾ ਹੈ, "ਸ੍ਰੀ ਕ੍ਰਿਸ਼ਨ ਬੁੱਧ ਅਵਤਾਰ ਦੀ 50ਵੀਂ ਪੁਸ਼ਤ ਵਿੱਚੋਂ ਸਨ। ਪ੍ਰਯਾਗ ਭਾਵ ਗੰਗਾ,ਜਮੁਨਾ ਤੇ ਸਰਸਵਤੀ ਦਰਿਆਵਾਂ ਦੇ ਸੰਗਮ(ਮੇਲ) ਤੱਕ ਯਾਦਵਾਂ ਦਾ ਰਾਜ ਸੀ ਤੇ ਇਹ ਲੋਕ ਸ਼ੂਰ ਸੈਣੀ ਅਖਵਾਂਦੇ ਸਨ"।

ਟਾਡ ਰਾਜਿਸਥਾਨ ਜਿਲਦ 2 ਐਡੀਸ਼ਨ ਤਿੰਨ ਸਫ਼ਾ 1160 ਪੰਕਤੀ 3 'ਚ ਲਿਖਿਆ ਮਿਲਦਾ ਹੈ ਕਿ ਸ੍ਰੀ ਕ੍ਰਿਸ਼ਨ ਜੀ ਨੂੰ ਛੱਡ ਕੇ ਸਾਰੀ ਕੌਮ ਸ਼ੂਰ ਸੈਣੀ ਅਖਵਾਉਂਦੀ ਰਹੀ। ਅੱਗੇ ਲਿਖਿਆ ਹੈ, "ਮਥੁਰਾ ਨੂੰ ਕੇਂਦਰੀ ਬਿੰਦੂ (ਸੈਂਟਰ) ਮਨ ਕੇ ਜੋ ਲਕੀਰ 80 ਮੀਲ ਖਿੱਚਣ ਨਾਲ ਰਕਬਾ ਬਣਦਾ ਹੈ ਉਸ ਨੂੰ 'ਬਰਿੱਜ' ਸਮਝਣਾ ਚਾਹੀਦਾ ਹੈ। ਹਿੰਦੂ ਜਿਸ ਨੂੰ ਬਰਿਜ ਸਮਝਦੇ ਹਨ ਉਹੀ ਬਰਿਜ ਭਾਸ਼ਾ ਅਖਵਾਉਂਦੀ ਸੀ। ਇਹ ਭਾਸ਼ਾ ਸਾਰੀਆਂ ਜ਼ੁਬਾਨਾਂ ਨਾਲੋਂ ਪਵਿੱਤਰ ਸਮਝੀ ਜਾਂਦੀ ਸੀ। ਬਰਿੱਜ ਸ਼ੂਰ ਸੈਣੀ ਇਲਾਕਾ ਹੈ ਜੋ ਸ਼ੂਰ ਤੇ ਸੈਣੀ ਨਾਂ ਨਾਲ ਜਾਣਿਆਂ ਜਾਂਦਾ ਹੈ। ਸ਼ੂਰ ਤੇ ਸੈਣੀ ਸ੍ਰੀ ਕ੍ਰਿਸ਼ਨ ਜੀ ਦੇ ਵਡੇਰਿਆਂ ਵਿੱਚੋਂ ਸਨ ਜਿਨ੍ਹਾਂ ਦੀ ਰਾਜਧਾਨੀ ਸ਼ੂਰ ਪੁਰਾ ਤੋਂ 50 ਮੀਲ ਦੀ ਦੂਰੀ 'ਤੇ ਜਮਨਾ ਨਦੀ ਦੇ ਦੱਖਣ ਵੱਲ ਹੈ"।

ਇਨ੍ਹਾਂ ਸਾਰੇ ਤਵਾਰੀਖੀ ਹਵਾਲਿਆਂ ਤੋਂ ਇਹ ਗੱਲ ਪੱਕੀ ਸਾਬਤ ਹੋ ਜਾਂਦੀ ਹੈ ਕਿ ਸ਼ੂਰ ਸੈਣੀ ਕੌਮ ਯਾਦੋ ਵੰਸ਼ ਤੋਂ ਬਾਅਦ ਸ਼ੂਰ ਤੇ ਸੈਣੀ ਦੇ ਨਾਂ ਨਾਲ ਚੱਲੀ।

ਸ਼ਹੀਦੀ ਹਫ਼ਤਾ

# ਨਿੱਕੀਆਂ ਜਿੰਦਾਂ, ਵੱਡਾ ਸਾਕਾ

ਗੁਲਵੰਤ ਫਾਰਗ

ਇਕਦਮ ਅੱਖਾਂ ਸਾਹਮਣੇ ਤਸਵੀਰ ਉੱਭਰਦੀ ਹੈ, ਦੋ ਨਿੱਕੀਆਂ-ਨਿੱਕੀਆਂ ਮਾਸੂਮ ਜਿੰਦਾਂ ਦੀ, ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਅਤੇ ਨਾਲ ਹੀ ਤਸਵੀਰ ਬਣਦੀ ਹੈ, ਇੱਕ ਨਵੀ ਬਣ ਰਹੀ ਦੀਵਾਰ ਦੀ, ਕਾਜੀ ਦੀ, ਦੋ ਜਲਾਦਾਂ ਦੀ ਅਤੇ ਨਵਾਬ ਵਜ਼ੀਰ ਖਾਂ ਦੀ, ਦੀਵਾਰ ਦੀ ਉਸਾਰੀ ਕਰ ਰਹੇ ਮਿਸਤਰੀ ਦੀ...। ਚੇਤੇ ਵਿੱਚ ਸਜਰਾਅ ਉਠਦਾ ਹੈ, ਉਹ ਵੱਡਾ ਸਾਕਾ ਜੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਸੰਬੰਧਿਤ ਹੈ, ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦੀ ਸ਼ਹੀਦੀ ਨਾਲ ਸੰਬੰਧਿਤ ਸਾਕਾ'ਧਰਮ ਹੇਤ ਸਾਕਾ' ਉਨ੍ਹਾਂ ਦੇ ਦਾਦਾ ਗੁਰੂ ਤੇਗ ਬਹਾਦਰ ਜੀ ਨੇ ਕੀਤਾ। ਧਰਮ ਚਲਾਉਣ ਲਈ ਕਿਰਪਾਨ ਗੁਰੂ ਤੇਗ ਬਹਾਦਰ ਦੇ ਸਪੁੱਤਰ ਗੁਰੂ ਗੋਬਿੰਦ ਸਿੰਘ ਨੇ ਉਠਾਈ ਅਤੇ ਧਰਮ ਨਿਭਾਉਣ ਦੀ ਰੀਤ, ਉਨ੍ਹਾਂ ਦੇ ਪੋਤਰਿਆਂ ਨੇ ਆਪਣੇ ਆਪ ਨੂੰ ਨੀਹਾਂ ਵਿੱਚ ਚਿਣਵਾ ਕੇ ਦੱਸੀ। ਜਿੰਦਾਂ ਭਾਵੇ ਨਿੱਕੀਆਂ ਸਨ, ਪਰ ਉਨ੍ਹਾਂ ਸਾਕਾ ਬਹੁਤ ਵੱਡਾ ਕੀਤਾ। ਹੋਇਆ ਇੰਝ ਕਿ ਆਨੰਦਪੁਰ ਦੇ ਕਿਲ੍ਹੇ ਦੇ ਬਾਹਰ ਗੁਰੂ ਗੋਬਿੰਦ ਸਿੰਘ ਜੀ ਦੇ ਬੀਰ-ਬਹਾਦਰ ਸਿੰਘਾਂ ਅਤੇ ਮੁਗ਼ਲ ਫ਼ੌਜਾਂ ਵਿਚਕਾਰ ਕਈ ਮਹੀਨੇ ਘਮਸਾਨ ਦੀ ਜੰਗ ਹੁੰਦੀ ਰਹੀ। ਬਾਦਸ਼ਾਹ ਔਰੰਗਜ਼ੇਬ ਨੇ ਕੁਰਾਨ ਦੀ ਕਸਮ ਖਾ ਕੇ ਗੁਰੂ ਜੀ ਨੂੰ ਪੈਗ਼ਾਮ ਭੇਜਿਆ ਕਿ 'ਜੇ ਉਹ ਅਨੰਦਪੁਰ ਦਾ ਕਿਲ੍ਹਾ ਖਾਲੀ ਕਰ ਦੇਣ ਤਾਂ ਉਨ੍ਹਾਂ ਨੂੰ ਬਿਨਾਂ ਕਿਸੇ ਰੋਕ-ਟੋਕ ਦੇ ਜਾਣ ਦਿੱਤਾ ਜਾਵੇਗਾ।

ਬੇਸ਼ਕ ਗੁਰੂ ਜੀ ਨੂੰ ਬਾਦਸ਼ਾਹ ਔਰੰਗਜ਼ੇਬ ਦੀ ਕਸਮ 'ਤੇ ਉਕਾ ਹੀ ਇਤਬਾਰ ਨਹੀਂ ਸੀ, ਪਰ ਪਰਖਣ ਦੀ ਖਾਤਿਰ ਉਨ੍ਹਾਂ ਕਿਲ੍ਹਾ ਛੱਡਣਾ ਪਰਵਾਨ ਕਰ ਲਿਆ। ਹੋਇਆ ਉਹ ਕੁਝ ਜਿਸ ਦਾ ਖ਼ਦਸ਼ਾ ਸੀ। ਕਿਲ੍ਹੇ ਤੋਂ ਨਿਕਲਣ ਦੀ ਦੇਰ ਸੀ ਕਿ ਮੁਗ਼ਲ ਫੌਜਾਂ ਨੇ ਅਚਾਨਕ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਘਮਸਾਨ ਦੀ ਲੜਾਈ ਸ਼ੁਰੂ ਹੋ ਗਈ। ਗੁਰੂ ਜੀ ਦੀ ਫ਼ੌਜ ਨੇ ਮੁਗਲ ਫ਼ੌਜਾਂ ਦਾ ਡਟ ਕੇ ਮੁਕਾਬਲਾ ਕੀਤਾ। 'ਸਵਾ ਲਾਖ ਸੇ ਏਕ ਲੜਾਊਂ' ਦੇ ਕਥਨ ਅਨੁਸਾਰ ਇਕ ਇਕ ਸਿੰਘ ਨੇ ਕਈ ਕਈ ਮੁਗਲ ਸਿਪਾਹੀਆਂ ਨੂੰ ਮਾਰ ਮੁਕਾਇਆ, ਪਾਰ ਬੁਲਾਇਆ ।

ਕਹਿਰਾਂ ਦੀ ਇਸ ਘੋਰ ਘਿਨਾਉਣੀ ਜੰਗ ਵਿੱਚ ਗੁਰੂ ਜੀ ਦਾ ਸਾਰਾ ਪਰਿਵਾਰ ਇਕ ਦੂਸਰੇ ਨਾਲੋਂ ਨਿਖੜ-ਵਿਛੜ ਗਿਆ। ਉਨ੍ਹਾਂ ਦੇ ਨਾਲ ਦੋ ਛੋਟੇ ਪੁੱਤਰ-ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਆਪਣੀ ਦਾਦੀ ਮਾਤਾ ਗੁਜਰੀ ਜੀ ਦੇ ਨਾਲ ਚਲੇ ਗਏ। ਵਿਖੜੇ ਰਾਹਾਂ ਤੋਂ ਲੰਘਦੇ ਘਣੇ ਵਣਾਂ-ਜੰਗਲਾਂ ਵਿੱਚੋਂ ਦੀ ਹੁੰਦੇ ਹੋਏ, ਆਖਰ ਉਹ ਬੜੇ ਲੰਮੇ ਪੈਂਡੇ ਮਾਰਨ ਮਗਰੋਂ, ਮਾਤਾ ਗੁਜਰੀ ਸਮੇਤ ਕੰਮੋਂ ਮਾਸ਼ਕੀ ਦੀ ਝੁੱਗੀ ਕੋਲ ਜਾ ਪੁੱਜੇ। ਉਤੋਂ ਹਨੇਰਾ ਹੁੰਦਾ ਵੇਖ ਕੇ ਮਾਤਾ ਜੀ ਨੇ ਰਾਤ ਉੱਥੇ ਹੀ ਟਿਕਾਣਾ ਕਰਨਾ ਠੀਕ ਸਮਝਿਆ।

ਦੂਸਰੇ ਦਿਨ ਗੁਰੂ ਜੀ ਦੇ ਲੰਗਰ ਦਾ ਇਕ ਸੇਵਾਦਾਰ ਗੰਗੂ ਬ੍ਰਾਹਮਣ, ਉਨ੍ਹਾਂ ਨੂੰ ਆਪਣੇ ਪਿੰਡ ਖੇੜੀ ਲੈ ਗਿਆ। ਗੰਗੂ ਦੇ ਮਨ ਵਿੱਚ ਬੇਈਮਾਨੀ ਆ ਗਈ। ਇਕ ਤਾਂ ਉਹਨੇ ਮਾਤਾ ਗੁਜਰੀ ਦੀਆਂ ਮੋਹਰਾਂ ਉਡਾ ਲਈਆਂ, ਦੂਸਰੇ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਨੂੰ ਧੋਖੇ ਨਾਲ ਮੋਰਿੰਡੇ ਦੇ ਕੋਤਵਾਲ ਦੇ ਹਵਾਲੇ ਕਰ ਦਿੱਤਾ। ਕੋਤਵਾਲ ਨੇ ਰਾਤ ਮਾਤਾ ਜੀ ਅਤੇ ਦੋਹਾਂ ਸਾਹਿਬਜ਼ਾਦਿਆਂ ਨੂੰ ਮੋਰਿੰਡੇ ਹਵਾਲਾਤ ਵਿੱਚ ਰੱਖਿਆ। ਦੂਸਰੇ ਦਿਨ ਸਵੇਰੇ ਹੀ ਉਨ੍ਹਾਂ ਨੂੰ ਇਕ ਬੈਲ-ਗੱਡੀ ਵਿੱਚ ਬਿਠਾ ਕੇ ਸਰਹੰਦ ਭੇਜ ਦਿੱਤਾ ਗਿਆ। ਉਥੇ ਰਾਤ ਵੇਲੇ ਮਾਤਾ ਗੁਜਰੀ ਜੀ ਅਤੇ ਦੋਹਾਂ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿੱਚ ਰੱਖਿਆ ਗਿਆ। ਭਾਈ ਮੋਤੀ ਨਾਂ ਦੇ ਮਹਿਰੇ ਨੇ ਮਾਤਾ ਜੀ ਅਤੇ ਦੋਹਾਂ ਸਾਹਿਬਜ਼ਾਦਿਆਂ ਨੂੰ ਆਪਣੀ ਜਾਨ ਤੇ ਖੇਡ ਕੇ, ਦੁੱਧ ਤੇ ਖਾਣ ਵਾਲੀਆਂ ਕੁਝ ਚੀਜ਼ਾਂ ਵਸਤਾਂ ਪਹੁੰਚਾਈਆਂ।

ਰਾਤ ਨੂੰ ਦੋਵੇਂ ਸਾਹਿਬਜ਼ਾਦੇ ਆਪਣੀ ਦਾਦੀ ਜੀ ਕੋਲੋਂ ਗੁਰੂ ਸਾਹਿਬਾਨ ਦੇ ਉੱਚੇ-ਸੁੱਚੇ ਆਦਰਸ਼ਾਂ ਅਤੇ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹਾਦਤ ਦੀਆਂ ਸਾਖੀਆਂ ਸੁਣਦੇ ਰਹੇ। ਸੁਣ ਕੇ ਆਖਣ ਲੱਗੇ,"ਮਾਤਾ ਜੀ, ਅਸੀਂ ਦਸਮੇਸ਼ ਪਿਤਾ ਦੇ ਪੁੱਤਰ ਹਾਂ, ਆਪਣੇ ਧਰਮ ਦੀ ਲਾਜ ਰੱਖਾਂਗੇ।" ਮਾਤਾ ਜੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਦੋਹਾਂ ਸਾਹਿਬਜ਼ਾਦਿਆਂ ਨੂੰ ਸ਼ਾਬਾਸ਼ ਦਿੱਤੀ। ਪਿਆਰ ਨਾਲ ਆਪਣੇ ਗਲ ਲਾਇਆ।

ਦੂਸਰੇ ਦਿਨ ਸਵੇਰੇ ਹੀ ਨਵਾਬ ਵਜ਼ੀਰ ਖਾਨ ਦੇ ਸਿਪਾਹੀ ਪਹੁੰਚ ਗਏ। ਆਖਣ ਲੱਗੇ,"ਮਾਤਾ ਜੀ! ਸਾਨੂੰ ਇਨ੍ਹਾਂ ਬੱਚਿਆਂ ਨੂੰ ਨਵਾਬ ਸਾਹਿਬ ਦੀ ਕਚਹਿਰੀ ਵਿੱਚ ਲਿਜਾਣ ਦਾ ਹੁਕਮ ਹੋਇਆ ਹੈ"। ਮਾਤਾ ਜੀ ਨੇ ਪੁੱਛਿਆ,"ਕਿਸ ਦੋਸ਼ ਵਿੱਚ?" "ਇਹ ਤਾਂ ਸਾਨੂੰ ਪਤਾ ਨਹੀਂ, ਅਸੀਂ ਤਾਂ ਹੁਕਮ ਦੀ ਤਾਮੀਲ ਕਰਨੀ ਹੈ", ਸਿਪਾਹੀਆਂ ਦਾ ਜਵਾਬ ਸੀ ।

ਮਾਤਾ ਜੀ ਨੇ ਬੱਚਿਆਂ ਨੂੰ ਘੁੱਟ ਕੇ ਆਪਣੀ ਛਾਤੀ ਨਾਲ ਲਾਇਆ, ਪਿਆਰ ਕੀਤਾ ਅਤੇ ਅਸੀਸ ਦਿੱਤੀ। ਦੋਵੇਂ ਸਾਹਿਬਜ਼ਾਦੇ ਆਪਣੀ ਦਾਦੀ ਅੱਗੇ ਸਿਰ ਝੁਕਾ ਕੇ, ਸਿਪਾਹੀਆਂ ਨਾਲ ਚਲੇ ਗਏ। ਸਿਪਾਹੀ ਉਨ੍ਹਾਂ ਨੂੰ ਪੈਦਲ ਹੀ ਨਵਾਬ ਦੀ ਕਚਹਿਰੀ ਵੱਲ ਲੈ ਤੁਰੇ। ਅੱਗੇ ਨਵਾਬ ਵਜ਼ੀਰ ਖ਼ਾਨ ਦੀ ਕਚਹਿਰੀ ਲੱਗੀ ਹੋਈ ਸੀ। ਅੰਦਰ ਪਹੁੰਚਦਿਆਂ ਹੀ ਸਾਹਿਬਜ਼ਾਦਿਆਂ ਨੇ ਗੱਜ ਕੇ ਫ਼ਤਹਿ ਬੁਲਾਈ - "ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਹਿ"। ਉੱਚੇ ਜੈਕਾਰੇ ਨਾਲ ਸਾਰੀ ਕਚਹਿਰੀ ਗੂੰਜ ਉੱਠੀ। ਸਭ ਦੀਆਂ ਨਿਗਾਹਾਂ ਨਿਡਰ ਤੇ ਬਹਾਦਰ ਸਾਹਿਬਜ਼ਾਦੀਆਂ 'ਤੇ ਟਿਕ

ਗਈਆਂ। ਕੇਸਰੀ ਬਾਣੇ ਅਤੇ ਗਲ ਵਿੱਚ ਪਈਆਂ ਕਿਰਪਾਨਾ ਨਾਲ ਉਹ ਬਹੁਤ ਪਿਆਰੇ ਤੇ ਸੁੰਦਰ ਲੱਗ ਰਹੇ ਸਨ। ਸਾਰੇ ਦਰਬਾਰੀ ਉਨ੍ਹਾਂ ਨੂੰ ਬਿਟ-ਬਿਟ ਤੱਕ ਰਹੇ ਸਨ ਅਤੇ ਦਿਲ ਹੀ ਦਿਲ ਵਿੱਚ ਉਨ੍ਹਾਂ ਬਾਰੇ ਸੋਚ ਕੇ ਦੁਖੀ ਵੀ ਹੋ ਰਹੇ ਸਨ।

ਨਵਾਬ ਵਜ਼ੀਰ ਖ਼ਾਨ ਉਨ੍ਹਾਂ ਨੂੰ ਪਿਆਰ ਨਾਲ ਪੁਚਕਾਰ ਕੇ ਆਖਣ ਲੱਗਾ, "ਬੱਚਿਓ! ਤੁਸੀਂ ਬੜੇ ਹੀ ਚੰਗੇ ਲੱਗ ਰਹੇ ਹੋ। ਮੁਸਲਮਾਨ ਕੌਮ ਨੂੰ ਬੜਾ ਫ਼ਖਰ ਹੋਵੇਗਾ ਜੇ ਤੁਸੀਂ ਕਲਮਾਂ ਪੜ੍ਹ ਕੇ ਮੋਮਨ ਬਣ ਜਾਓ। ਤੁਹਾਨੂੰ ਮੂੰਹ ਮੰਗੀ ਮੁਰਾਦ ਮਿਲੇਗੀ"।

"ਸਾਡਾ ਧਰਮ ਸਾਨੂੰ ਜਾਨ ਤੋਂ ਵੱਧ ਪਿਆਰਾ ਹੈ। ਸਾਨੂੰ ਦੁਨਿਆਵੀ ਵਸਤਾਂ ਦੀ ਉਕਾ ਹੀ ਕੋਈ ਚਾਹ ਨਹੀ"। ਦੋਹਾਂ ਸਾਹਿਬਜ਼ਾਦਿਆਂ ਨੇ ਇੱਕ ਆਵਾਜ਼ ਹੋ ਕੇ ਉੱਤਰ ਦਿੱਤਾ।

ਨਵਾਬ ਗੁੱਸੇ ਨਾਲ ਅੱਗ-ਭਬੂਕਾ ਹੋ ਗਿਆ। ਪਰ ਉਹ ਆਪਣੇ ਗੁੱਸੇ ਨੂੰ ਅੰਦਰੋਂ-ਅੰਦਰ ਪੀ ਗਿਆ ਅਤੇ ਕਾਜ਼ੀ ਨੂੰ ਕਹਿਣ ਲੱਗਾ, "ਸੁਣ ਲਿਆ, ਇਨ੍ਹਾਂ ਬਾਗੀਆਂ ਦਾ ਜਵਾਬ! ਇਹ ਬਾਗੀ ਬਾਪ ਦੇ ਬਾਗੀ ਬੇਟੇ ਹਨ। ਇਨ੍ਹਾਂ ਨੂੰ ਸਜ਼ਾ ਦੇਣੀ ਹੀ ਪਏਗੀ।" "ਬੱਚਿਓ! ਦੀਨ ਕਬੂਲ ਕਰ ਲਵੋ। ਇਸ ਵਿੱਚ ਹੀ ਤੁਹਾਡਾ ਬਚਾਅ ਹੈ, ਕਿਉਂ ਆਪਣੀਆਂ ਜਾਨਾਂ ਅਜਾਈਂ ਗੁਆਂਦੇ ਹੋ?" ਕਾਜ਼ੀ ਨੇ ਨਿੱਕੀਆਂ ਜ਼ਿੰਦਾਂ ਨੂੰ ਪ੍ਰੇਰਿਆ।

ਜੱਲਾਦਾਂ ਨੇ ਵੀ ਉਨ੍ਹਾਂ ਨੂੰ ਸਮਝਾਉਣ ਦਾ ਯਤਨ ਕੀਤਾ। ਪਰ ਉਹ ਤਾਂ ਜਿਵੇਂ ਆਪਣੇ ਫ਼ੈਸਲੇ 'ਤੇ ਪਰਬਤ ਵਾਂਗ ਅਹਿਲ-ਅਡੋਲ ਡਟੇ ਹੋਏ ਸਨ। ਸਾਹਿਬਜ਼ਾਦੇ ਜੱਲਾਦਾਂ ਨੂੰ ਅਤੇ ਮਿਸਤਰੀ ਨੂੰ ਆਖਣ ਲੱਗੇ," ਛੇਤੀਂ ਛੇਤੀਂ ਪਾਪਾਂ ਦੀ ਦੀਵਾਰ ਹੋਰ ਉੱਚੀ ਕਰੋ, ਮੁਗ਼ਲ ਰਾਜ ਦਾ ਖ਼ਾਤਮਾ ਕਰੋ, ਢਿੱਲ ਕਿਉਂ ਕਰ ਰਹੇ ਹੋ?"

ਇਹ ਆਖ ਦੋਨੋਂ ਸਾਹਿਬਜ਼ਾਦੇ ਜਪੁਜੀ ਸਾਹਿਬ ਦਾ ਪਾਠ ਕਰਨ ਲੱਗ ਪਏ। ਮਿਸਤਰੀ ਨੇ ਦੀਵਾਰ ਦੀ ਚਿਣਾਈ ਸ਼ੁਰੂ ਕਰ ਦਿੱਤੀ। ਦੀਵਾਰ ਸਾਹਿਬਜ਼ਾਦਿਆਂ ਦੀਆਂ ਛਾਤੀਆਂ ਤੱਕ ਪੁੱਜ ਗਈ। ਨਵਾਬ ਤੇ ਕਾਜ਼ੀ ਉਨ੍ਹਾਂ ਦੇ ਕੋਲ ਆਏ ਅਤੇ ਬੜੀ ਹਲੀਮੀ ਤੇ ਆਜ਼ਿਜ਼ੀ ਨਾਲ ਆਖਣ ਲੱਗੇ, "ਬੱਚਿਓ! ਅਜੇ ਵੀ ਵੇਲਾ ਹੈ। ਤੁਹਾਡੀ ਜਾਨ ਬਖ਼ਸ਼ੀ ਜਾ ਸਕਦੀ ਹੈ। ਕਲਮਾ ਪੜ੍ਹੋ, ਇਸਲਾਮ ਕਬੂਲ ਕਰ ਲਵੋ। ਦੀਵਾਰ ਢਾਹ ਦਿੱਤੀ ਜਾਵੇਗੀ।"

ਸਾਹਿਬਜ਼ਾਦੇ ਉੱਚੀ ਆਵਾਜ਼ ਵਿਚ ਇਕ ਵਾਰਗੀ ਹੀ ਕੂਕ ਉਠੇ, "ਮਰਨ ਤੋਂ ਅਸੀਂ ਮੂਲ ਨਹੀਂ ਡਰਦੇ। ਲੱਖ ਵਾਰੀ ਵੀ ਜ਼ਿੰਦਗੀ ਮਿਲੇ ਤਾਂ ਵੀ ਧਰਮ ਦੇ ਮੁਕਾਬਲੇ ਨਿਰਮੂਲ ਹੈ"। ਇਹ ਸੁਣ ਕੇ ਕਾਜ਼ੀ ਤੇ ਨਵਾਬ ਭੌਰ-ਭੌਰ ਰਹਿ ਗਏ। ਕੋਲ ਖੜ੍ਹੇ ਲੋਕਾਂ ਦੀਆਂ ਅੱਖਾਂ ਵਿਚ ਅੱਥਰੂ ਛਲਕ ਆਏ। ਕੁਝ ਲੋਕ ਕਹਿ ਰਹੇ ਸਨ, "ਧੰਨ ਜਣਨੀ ਜਨ ਜਾਇਆ, ਧੰਨ ਪਿਤਾ ਪਰਧਾਨ"।

ਉਹ ਕੀ ਜਾਨਣ ਕਿ ਇਹ ਦਸ਼ਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਹਨ। ਗੁਰੂ ਗੋਬਿੰਦ ਸਿੰਘ, ਜੋ ਕੁਰਬਾਨੀਆਂ ਦਾ ਸਾਕਾਰ ਮੁਜੱਸਮਾ ਸਨ, ਜਿਨ੍ਹਾਂ ਧਰਮ ਦੀ ਖਾਤਿਰ ਆਪਣੇ ਪੂਜਨੀਕ ਪਿਤਾ ਅਤੇ ਚਾਰ੍ਹਾਂ ਪੁੱਤਰਾਂ ਨੂੰ ਕੁਰਬਾਨ ਕਰ ਦਿੱਤਾ। ਉਨ੍ਹਾਂ ਦੇ ਮਾਤਾ ਜੀ ਵੀ ਕੁਰਬਾਨ ਹੋ ਗਏ।

ਦੀਵਾਰਾਂ ਹੋਰ ਉਚੀਆਂ ਹੁੰਦੀਆਂ ਗਈਆਂ। ਦੋਵੇਂ ਸਾਹਿਬਜ਼ਾਦੇ ਇਕ ਦੂਸਰੇ ਵਲ ਵੇਖ ਕੇ ਆਖ ਰਹੇ ਸਨ, "ਇਹ ਸਾਡੀ ਪਰੀਖਿਆ ਲੈਣਾ ਚਾਹੁੰਦੇ ਹਨ। ਇਹ ਹਾਕਮ ਉਕਾ ਹੀ ਨਹੀਂ ਜਾਣਦੇ ਕਿ ਗੁਰੂ ਨਾਨਕ ਦੇ ਸਿੱਖ ਕਿਸੇ ਤੋਂ ਨਹੀਂ ਡਰਦੇ। ਉਹ ਮੌਤ ਤੋਂ ਵੀ ਨਹੀਂ ਡਰਦੇ। ਅਸੀਂ ਗੁਰੂ ਅਰਜਨ ਦੇਵ ਜੀ ਦੀ ਵੰਸ਼ ਵਿਚੋਂ ਹਾਂ, ਜਿਨ੍ਹਾਂ ਨੇ ਤੱਤੀਆਂ ਤਵੀਆਂ ਤੇ ਬੈਠ ਕੇ ਵੀ ਮੂੰਹੋਂ ਸੀ ਤਕ ਨਹੀਂ ਸੀ ਉਚਰੀ ਅਤੇ ਖਿੜੇ ਮੱਥੇ ਸ਼ਹਾਦਤ ਦਾ ਜਾਮ ਪੀਤਾ ਸੀ"।

ਕੁਝ ਚਿਰ ਬਾਅਦ ਦੋਨੋਂ ਸਾਹਿਬਜ਼ਾਦੇ ਬੇਹੋਸ਼ ਹੋ ਗਏ। ਇਹ ਵੇਖ ਕੇ ਜੱਲਾਦ ਘਬਰਾ ਗਏ। ਆਪਸ ਵਿਚ ਸਲਾਹ ਮਸ਼ਵਰਾ ਕਰ ਕੇ ਆਖਣ ਲੱਗੇ, "ਇਹ ਹੁਣ ਆਖਰੀ ਸਾਹਾਂ ਤੇ ਜਾਪਦੇ ਹਨ। ਦੀਵਾਰ ਉੱਚੀ ਕਰਨ ਦੀ ਕੋਈ ਲੋੜ ਨਹੀਂ। ਇਨ੍ਹਾਂ ਨੂੰ ਜ਼ਿਬ੍ਹਾ ਕਰ ਕੇ ਪਾਰ ਬੁਲਾ ਕੇ ਕੰਮ ਖਤਮ ਕੀਤਾ ਜਾਵੇ। ਉਤੋਂ ਰਾਤ ਪੈ ਰਹੀ ਹੈ"।

ਦੀਵਾਰ ਡਿਗ ਪਈ। ਬੇਹੋਸ਼ ਹੋਏ ਬੱਚਿਆਂ ਨੂੰ ਬਾਹਰ ਕੱਢ ਕੇ ਜ਼ਮੀਨ ਤੇ ਲਿਟਾ ਦਿੱਤਾ ਗਿਆ ਅਤੇ ਸ਼ਹੀਦ ਕਰ ਦਿੱਤਾ ਗਿਆ।

ਅਸਮਾਨ ਡੋਲ ਗਿਆ, ਧਰਤੀ ਕੰਬ ਉਠੀ। ਆਸ-ਪਾਸ ਖੜ੍ਹੇ ਲੋਕਾਂ ਦੇ ਦਿਲ ਦਹਿਲ ਗਏ। ਉਨ੍ਹਾਂ ਦੀਆਂ ਅੱਖਾਂ ਵਿਚੋਂ ਆਪ ਮੁਹਾਰੇ ਹੀ ਹੰਝੂ ਵਹਿ ਤੁਰੇ। ਉਹ ਹਉਕਾ ਭਰ ਕੇ ਆਖਣ ਲੱਗੇ, "ਤੋਬਾ ਰੱਬ ਦੀ ਏਡਾ ਜ਼ੁਲਮ, ਏਡਾ ਘੋਰ ਅਨਿਆਂ, ਇਹ ਜ਼ਾਲਮ ਨਵਾਬ ਅਤੇ ਕਾਜ਼ੀ ਰੱਬ ਦੀ ਕਚਹਿਰੀ ਵਿਚ ਭਲਾ ਕੀ ਜਵਾਬ ਦੇਣਗੇ?"

ਏਧਰ ਸਾਹਿਬਜ਼ਾਦੇ ਸ਼ਹੀਦ ਹੋਏ ਤੇ ਓਧਰ ਬੁਰਜ ਵਿਚ ਸਮਾਧੀ ਲੀਨ ਹੋਏ ਮਾਤਾ ਗੁਜਰੀ ਜੀ ਨੇ ਪ੍ਰਾਣ ਚੜ੍ਹਾ ਲਏ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਖਬਰ ਦੇਣ ਵਾਲਾ ਸਿਪਾਹੀ ਜਦ ਬੁਰਜ 'ਤੇ ਪੁੱਜਾ ਤਾਂ ਇਹ ਵੇਖ ਕੇ ਹੈਰਾਨ ਪਰੇਸ਼ਾਨ ਹੋ ਗਿਆ ਕਿ ਮਾਤਾ ਜੀ ਤਾਂ ਇਸ ਸੰਸਾਰ ਤੋਂ ਕੂਚ ਕਰ ਚੁੱਕੇ ਹਨ।

ਸਰਹੰਦ ਸ਼ਹਿਰ ਵਿਚ ਸਨਸਨੀ ਫੈਲ ਗਈ। ਸ਼ਹਾਦਤ ਦੇ ਸਮੇਂ ਸਾਹਿਬਜ਼ਾਦਾ ਜ਼ੋਰਾਵਾਰ ਸਿੰਘ ਦੀ ਉਮਰ ਸੱਤ ਸਾਲ, ਗਿਆਰਾਂ ਮਹੀਨੇ ਸੀ (ਜਨਮ 1696 ਈ.) ਅਤੇ ਸਾਹਿਬਜ਼ਾਦਾ ਫਤਹਿ ਸਿੰਘ ਮਸਾਂ ਪੰਜ ਸਾਲ ਦਸ ਮਹੀਨੇ (ਜਨਮ 1699 ਈ.) ਦੇ ਸਨ। ਸੰਸਾਰ ਭਰ ਦੇ ਇਤਿਹਾਸ ਵਿਚ ਏਨੀ ਛੋਟੀ ਉਮਰ ਵਿਚ ਸ਼ਹੀਦ ਹੋਣ ਵਾਲਿਆ ਦੀ ਕਿਧਰੇ ਵੀ ਕੋਈ ਮਿਸਾਲ ਨਹੀਂ ਮਿਲਦੀ। ਏਸੇ ਲਈ ਤਾਂ ਉਨ੍ਹਾਂ ਦੀ ਅਦੁਤੀ ਤੇ ਅਲੋਕਾਰ ਸ਼ਹਾਦਤ ਦੀ ਘਟਨਾ ਨੂੰ, 'ਨਿੱਕੀਆਂ ਜ਼ਿੰਦਾਂ, ਵੱਡਾ ਸਾਕਾ' ਆਖਿਆ ਜਾਂਦਾ ਹੈ।

## ਸਾਹਿਬਜ਼ਾਦਿਆਂ ਦੀ ਹਮਦਰਦ - ਰਾਣੀ ਜ਼ੈਨਾ ਦੀ ਸ਼ਹੀਦੀ

ਅਨੰਦਪੁਰ ਸਾਹਿਬ ਦੀਆਂ ਰੌਣਕਾਂ ਸਮੇਂ ਦਸ਼ਮੇਸ਼ ਪਿਤਾ ਜੀ ਦੇ ਦੀਦਾਰ ਕਰਨ ਆਈ ਰਾਜਪੂਤਾਂ ਦੀ ਜਾਈ ਇੱਕ ਬੀਬੀ ਨੇ ਆਪਣੇ ਪਤੀ ਸਮੇਤ ਸਿੱਖੀ ਧਾਰਨ ਕਰ ਲਈ। ਉਹ ਤੇ ਉਸ ਦਾ ਪਤੀ ਅਨੰਦਪੁਰ ਸਾਹਿਬ ਹੀ ਰਹਿਣ ਲੱਗੇ। ਪਤੀ ਸਿੰਘਾਂ ਦੇ ਜਥੇ ਨਾਲ ਸੇਵਾ ਕਰਦਾ ਤੇ ਇਹ ਬੀਬੀ ਦਸਮੇਸ਼ ਜੀ ਦੇ ਸਾਹਿਬਜ਼ਾਦਿਆਂ ਦੀ ਖਿਡਾਵੀ ਬਣ ਕੇ ਸੇਵਾ ਨਿਭਾਉਂਦੀ। ਇੱਕ ਵਾਰੀ ਇਸ ਦੀ ਸਹੇਲੀ ਸੁਹਾਗੋ ਆਪਣੀ ਧੀ ਭਾਗੋ ਨੂੰ ਲੈ ਕੇ ਅਨੰਦਪੁਰ ਸਾਹਿਬ ਆਈ। ਦਸਮੇਸ਼ ਜੀ ਦੇ ਸਾਹਿਬਜ਼ਾਦਿਆਂ ਦੀਆਂ ਕੋਮਲ ਸੋਹਣੀਆਂ ਸੂਰਤਾਂ ਭਾਗੋ ਦੇ ਹਿਰਦੇ ਅੰਦਰ ਘਰ ਕਰ ਗਈਆਂ। ਅਨੰਦਪੁਰ ਸਾਹਿਬ ਦੇ ਅਨੰਦਤ ਨਜ਼ਾਰੇ ਉਸ ਦੇ ਦਿਲ-ਦਿਮਾਗ 'ਤੇ ਉਕਰੇ ਗਏ ਜੋ ਉਸ ਨੇ ਪਹਿਲੀ ਤੇ ਆਖਰੀ ਵਾਰ ਦੇਖੇ ਸਨ। ਉਹ ਗੁਰੂ ਪਰਿਵਾਰ ਦੇ ਦਰਸ਼ਨ ਕਰਕੇ ਕਈ ਦਿਨ ਇਹਦੇ ਕੋਲ ਠਹਿਰ ਕੇ ਬਿਲਾਸਪੁਰ ਰਾਜ ਮਹਿਲਾਂ 'ਚ ਮੁੜ ਗਈ। ਇਹ ਦੋਵੇਂ ਮਾਂ-ਧੀ ਰਾਜ ਮਹਿਲ 'ਚ ਦਾਸੀਆਂ ਵਜੋਂ ਨੌਕਰੀ ਕਰਦੀਆਂ ਸਨ।

ਅੱਲ੍ਹੜ ਉਮਰ ਦੀ ਦਹਿਲੀਜ਼ ਟੱਪ ਕੇ ਜਵਾਨ ਹੋਈ ਭਾਗੋ ਅੰਤਾਂ ਦੀ ਸੁੰਦਰਤਾ ਦੀ ਮਾਲਕ ਬਣ ਗਈ। ਮਾਪਿਆਂ ਨੇ ਚੰਗਾ ਵਰ ਟੋਲ੍ਹ ਕੇ ਸਰਹਿੰਦ 'ਚ ਵਿਆਹ ਦਿੱਤੀ। ਡੋਲਾ ਅਜੇ ਸਰਹਿੰਦ 'ਚ ਨਹੀਂ ਸੀ ਪਹੁੰਚਾ ਕਿ ਰਾਸਤੇ ਵਿੱਚੋਂ ਧੱਕੇ ਨਾਲ ਹੀ ਭਾਗੋ ਨੂੰ ਵਜ਼ੀਰ ਖ਼ਾਨ ਦੇ ਮਹਿਲੀਂ ਪਹੁੰਚਾ ਦਿੱਤਾ ਗਿਆ। ਵਜ਼ੀਰ ਖਾਨ ਇਸ ਦੀ ਸੁੰਦਰਤਾ ਦੀਆਂ ਸਿਫ਼ਤਾਂ ਪਹਿਲਾਂ ਹੀ ਸੁਣ ਚੁੱਕਾ ਸੀ। ਕਈ ਦਿਨ ਰੋ-ਕੁਰਲਾ, ਹਾਰ-ਹੰਭ ਕੇ ਭਾਗੋ ਨੇ ਹਾਲਾਤਾਂ ਨਾਲ ਸਮਝੌਤਾ ਕਰ ਨਵਾਬ ਨਾਲ ਨਿਕਾਹ ਕਰਵਾ ਲਿਆ। ਇਸਲਾਮ ਕਬੂਲ ਕਰਨ ਤੇ ਇਸ ਦਾ ਨਾਂ ਜ਼ੈਨਬੁੱਨਿਸਾ ਰੱਖਿਆ ਗਿਆ ਤੇ ਵਜ਼ੀਰ ਖ਼ਾਨ ਇਸ ਨੂੰ ਜ਼ੈਨਾ ਕਹਿ ਕੇ ਹੀ ਬੁਲਾਉਂਦਾ। ਸਮਾਂ ਅੱਗੇ ਹੀ ਅੱਗੇ ਲੰਘਦਾ ਗਿਆ। ਭਾਗੋ ਦੇ ਹਿਰਦੇ ਅੰਦਰ ਅਨੰਦਪੁਰ ਸਾਹਿਬ ਦੀਆਂ ਰੌਣਕਾਂ ਉਵੇਂ ਹੀ ਵਸੀਆਂ ਰਹੀਆਂ ਜਿਵੇਂ ਉਸ ਨੇ ਕਦੇ ਦੇਖੀਆਂ ਸਨ । ਅਨੰਦਪੁਰ ਸਾਹਿਬ ਨੂੰ ਪਏ ਘੇਰੇ ਅਤੇ ਯੁੱਧਾਂ ਦਾ ਵੇਰਵਾ ਜ਼ੈਨਾਂ ਨੂੰ ਮਿਲਦਾ ਰਹਿੰਦਾ ਸੀ। ਉਹ ਆਪਣੇ ਵਸੀਲੀਆਂ ਰਾਹੀਂ ਉਥੋਂ ਦਾ ਅਤਾ-ਪਤਾ ਪੁੱਛਦੀ ਰਹਿੰਦੀ। ਜਦੋਂ ਦਾਦੀ ਮਾਂ ਤੇ ਨਿੱਕੀਆਂ ਜਿੰਦਾਂ ਨੂੰ ਗ੍ਰਿਫ਼ਤਾਰ ਕਰਕੇ ਠੰਡੇ ਬੁਰਜ' ਚ ਕੈਦ ਕੀਤਾ ਗਿਆ ਤਾਂ ਇਸ ਅਭਾਗੀ ਖ਼ਬਰ ਨੇ ਜ਼ੈਨਾ ਦੇ ਮਨ ਨੂੰ ਦੁੱਖ ਨਾਲ ਪੀੜ ਸੁੱਟਿਆ। ਠੰਢੇ ਬੁਰਜ ਦੀ ਖ਼ਬਰ ਉਸ ਤੱਕ ਪੁੱਜਦੀ ਰਹਿੰਦੀ, ਉਹ ਵਜ਼ੀਰ ਖ਼ਾਨ ਦੇ ਤਰਲੇ ਮਾਰਦੀ ਕਿ ਉਹ ਗੁਰੂ ਜੀ ਦੀ ਮਾਂ ਅਤੇ ਸਾਹਿਬਜ਼ਾਦਿਆਂ ਨੂੰ ਛੱਡ ਦੇਵੇਂ ਪਰ ਪਾਪੀ ਮਨ 'ਤੇ ਤਰਲਿਆਂ ਦਾ ਕੋਈ ਅਸਰ ਨਾ ਹੋਇਆ। ਜਿਸ ਦਿਨ ਨਿੱਕੀਆਂ ਜਿੰਦਾਂ ਨੂੰ ਨੀਂਹਾਂ 'ਚ ਚਿਣ ਕੇ ਮਾਰਨ ਦਾ ਹੁਕਮ ਦੇ ਕੇ ਨਵਾਬ ਮਹਿਲੀਂ ਆਇਆ ਤਾਂ ਰਾਣੀ ਜ਼ੈਨਾ ਨੇ ਰੋ-ਰੋ ਕੇ ਹਾਲੋ- ਵੇਹਾਲ ਹੁੰਦਿਆਂ ਵਾਸਤੇ ਪਾਉਂਦਿਆਂ ਕਿਹਾ ਕਿ ਰਾਜਿਆ! ਇਨ੍ਹਾਂ ਮਾਸੂਮ ਜਿੰਦੜੀਆਂ ਨੂੰ ਨਾ ਮਾਰ। ਗੁਰੂ ਦੇ ਪੁੱਤਰਾਂ ਤੇ ਬੁੱਢੜੀ ਮਾਂ ਨੂੰ ਛੱਡ ਦੇਵੇ। ਪਰ ਉਹ ਵਜ਼ੀਰ ਖਾਨ ਦੇ ਪੱਥਰ ਦਿਲ ਨੂੰ ਮੋਮ ਨਾ ਕਰ ਸਕੀ। ਅਨੰਦਪੁਰ ਸਾਹਿਬ ਚ ਕੁਝ  ਦਿਨ ਰਹਿਣ ਸਮੇਂ ਸਾਹਿਬਜ਼ਾਦਿਆਂ ਨੂੰ ਹੱਥੀ ਖਿਡਾਉਣ ਵਾਲੀ ਜ਼ੈਨਾ ਅੱਜ ਉਨ੍ਹਾਂ ਲਈ ਕੁਝ ਵੀ ਨਾ ਕਰ ਸਕਣ ਦੀ ਸੂਰਤ ਚ ਬੇਵੱਸ ਹੋ ਕੇ ਧਾਹਾਂ ਮਾਰ ਕੇ ਰੋਣ ਲੱਗੀ। ਉਧਰ ਨਿੱਕੀਆਂ ਜਿੰਦਾਂ ਤੇ ਦਾਦੀ ਮਾਂ ਦੀ ਸ਼ਹਾਦਤ ਹੋ ਗਈ ਏਧਰ ਰਾਣੀ ਜ਼ੈਨਾ ਨੇ ਆਪਣੇ ਸੀਨੇ 'ਚ ਕਟਾਰ ਮਾਰ ਕੇ ਆਪਣਾ ਅੰਤ ਕਰ ਲਿਆ। ਉਹ ਉੱਥੇ ਹੀ ਜਾ ਅੱਪੜੀ ਜਿੱਥੇ ਦਾਦੀ ਮਾਂ ਤੇ ਨਿੱਕੀਆਂ ਜਿੰਦਾਂ ਗਈਆਂ ਸਨ।

-ਪੁਸਤਕ 'ਪੋਹ ਦੀਆਂ ਰਾਤਾਂ' 'ਚੋਂ

* * * * *

## ਅਤਿ ਨਿੰਦਣਯੋਗ ਕਾਰਵਾਈ

ਇਰਾਨ ਦੀ ਇਸਲਾਮੀ ਸਰਕਾਰ ਵਲੋਂ ਜ਼ਮਹੂਰੀ ਹੱਕਾਂ ਲਈ ਸੰਘਰਸ਼ਸ਼ੀਲ ਮਹਿਲਾ ਕਾਰਕੁਨ ਮੋਹਸੇਨ ਸ਼ੇਕਰੀ ਨੂੰ ਫਾਂਸੀ ਦਿੱਤੀ ਗਈ ਹੈ। ਉਹ, ਹਿਜਾਬ ਠੀਕ ਢੰਗ ਨਾਲ ਨਾ ਪਹਿਨਣ ਦੇ ਦੋਸ਼ ਵਿੱਚ ਪੁਲਿਸ ਹਿਰਾਸਤ ਵਿੱਚ ਲਈ ਇਰਾਨੀ ਵਿਦਿਆਰਥਣ ਮਾਹਸਾ ਅਮੀਨੀ ਦੀ ਹੋਈ ਮੌਤ ਦੇ ਵਿਰੋਧ ਵਿੱਚ ਹੋਏ ਪ੍ਰਦਰਸ਼ਨਾਂ ਵਿੱਚ ਸ਼ਾਮਿਲ ਸੀ। ਇਨ੍ਹਾਂ ਪ੍ਰਦਰਸ਼ਨਾਂ ਸਮੇਂ ਹਜ਼ਾਰਾਂ ਔਰਤਾਂ ਨੇ ਆਪਣੇ ਹਿਜਾਬ ਲਾਹੇ ਅਤੇ ਸਾੜੇ ਸਨ ਅਤੇ 300 ਤੋਂ ਵੱਧ ਲੋਕਾਂ ਦੀ ਮੌਤ ਹੋਈ ਸੀ। ਮੋਹਸੇਨ ਸ਼ੇਕਰੀ ਨੂੰ ਇੱਕ ਮੁਜ਼ਾਹਰੇ ਦੌਰਾਨ ਪੁਲਿਸ ਮੁਲਾਜ਼ਮ 'ਤੇ ਚਾਕੂ ਨਾਲ ਹਮਲਾ ਕਰਨ ਦੇ ਇਲਜ਼ਾਮ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਵਿਰੁੱਧ ਇੱਕਤਰਫ਼ਾ ਮੁਕੱਦਮੇ ਦੀ ਕਾਰਵਾਈ ਕੇਵਲ ਤਿੰਨ ਹਫ਼ਤੇ ਚੱਲੀ ਜਿਸ ਦੌਰਾਨ ਉਸ ਵਿਰੁੱਧ 'ਮੁਹਾਰਬ' ਭਾਵ 'ਰੱਬ ਵਿਰੁੱਧ ਜੰਗ ਕਰਨ' ਦਾ ਇਲਜ਼ਾਮ ਸਾਬਤ ਹੋਇਆ। ਇਹ ਦੋਸ਼ ਅਜਿਹੀ ਮਾਨਸਿਕਤਾ 'ਚੋਂ ਉਪਜਦਾ ਹੈ ਜੋ ਆਪਣੇ ਧਰਮ ਨੂੰ ਸਰਬਉੱਚ ਸਮਝਣ ਦੇ ਨਾਲ ਨਾਲ ਸੱਤਾ ਕਾਇਮ ਰੱਖਣ ਲਈ ਧਰਮ ਦੀ ਵਰਤੋਂ ਨੂੰ ਉਚਿਤ ਸਮਝਦੀ ਹੈ। ਇਸ ਦਾ ਮਤਲਬ ਹੋਇਆ ਕਿ ਜੋ ਵਿਅਕਤੀ ਵੀ ਧਰਮ ਆਧਾਰਿਤ ਸਰਕਾਰ ਦਾ ਵਿਰੋਧ ਕਰਦਾ ਹੈ, ਉਹ ਰੱਬ ਦਾ ਵਿਰੋਧ ਕਰਦਾ ਹੈ। ਧਰਮ ਅਤੇ ਰੱਬ ਦੀ ਇਹ ਮਨੋਕਲਪਿਤ ਤੇ ਸੰਕੀਰਣ ਵਿਆਖਿਆ ਮਨੁੱਖਤਾ-ਵਿਰੋਧੀ ਹੈ। ਇਹ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਹੈ। ਇਰਾਨ ਦੇ ਅਖੌਤੀ ਧਾਰਮਿਕ ਸ਼ਾਸਕਾਂ ਦੀ ਇਸ ਕਰੂਰ ਕਾਰਵਾਈ ਨੂੰ ਵਿਸ਼ਵ ਪੱਧਰ 'ਤੇ ਨਿੰਦਣਾ ਲਾਜ਼ਮੀ ਹੈ।

## ਸਰਹੰਦ ਦੀ ਗਰਦ ਅੰਦਰ

ਵਿਧਾਤਾ ਸਿੰਘ 'ਤੀਰ'

ਲਹੂ-ਭਿੱਜੀ ਸਰਹੰਦ ਦੀ ਗਰਦ ਅੰਦਰ,
ਮੈਨੂੰ ਦੂਰੋਂ ਸ਼ਹੀਦਾਂ ਦਾ ਦਰ ਦਿਸਿਆ।
ਉਸ ਦਰ ਅੰਦਰ ਜਦੋਂ ਲੰਘਿਆ ਮੈਂ,
ਲਹੂ-ਭਿੰਨਾਂ ਕੁਰਬਾਨੀ ਦਾ ਦਰ ਦਿਸਿਆ।
ਉਸ ਘਰ ਦੀ ਇੱਕ ਇੱਕ ਇੱਟ ਅੰਦਰ,
ਸੂਹੇ ਰੰਗ ਵਿੱਚ ਖ਼ੂਨ ਨਿਡਰ ਦਿਸਿਆ।
ਉਸ ਖ਼ੂਨ ਅੰਦਰ ਜਦੋਂ ਝਾਤ ਮਾਰੀ,
ਸਾਖਯਾਤ ਬੈਠਾ ਕਲਗੀਧਰ ਦਿਸਿਆ।
ਕਲਗੀਧਰ ਦੀ ਜਗਦੀ ਜੋਤ ਅੰਦਰ,
ਚਾਨਣ ਸਿਦਕ ਦਾ ਇੱਕ ਅਮਰ ਦਿਸਿਆ।
'ਤੀਰ' ਉਸ ਚਾਨਣ ਅੰਦਰ ਮੌਤ ਵਰਦਾ,
ਮੈਨੂੰ 'ਫਤਹ'ਅਤੇ 'ਜ਼ੋਰਾਵਰ' ਦਿਸਿਆ।
ਫੇਰ ਉੱਜੜੇ ਥੇਹ ਦੀ ਸ਼ਕਲ ਵਿੱਚੋਂ,
ਖ਼ੂਨੀ ਰੰਗ ਦੀ ਇੱਕ ਨੁਹਾਰ ਦਿਸੀ।
ਉਸ ਖ਼ੂਨੀ ਨੁਹਾਰ ਦੇ ਰੂਪ ਅੰਦਰ,
ਜ਼ੋਰ-ਜ਼ੁਲਮ ਦਾ ਰੂਪ ਤਲਵਾਰ ਦਿਸੀ।
ਇੱਟਾਂ ਸਿਰਾਂ ਦੀਆਂ ਲਹੂ ਮਿੱਝ ਗਾਰਾ,
ਬਣਦਾ ਨਵਾਂ ਓਥੇ ਸਿਦਕ-ਸੱਰ ਦਿਸਿਆ।
ਜਦੋਂ ਬੁਰਜ ਡਿੱਠਾ ਮਾਤਾ ਗੁਜਰੀ ਦਾ,
ਗਈ ਗੁਜ਼ਰੀ ਗੱਲ ਨਜ਼ੀਰ ਬਣ ਗਈ।
ਨਿਗ੍ਹਾ ਉਸ ਨਜ਼ੀਰ 'ਤੇ ਪੈਂਦਿਆਂ ਈ,
ਅਜ਼ਬ ਰੰਗ ਦੀ ਇੱਕ ਤਸਵੀਰ ਬਣ ਗਈ।
ਨਿਰੀ ਉਹ ਤਸਵੀਰ ਤਸਵੀਰ ਨਹੀਂ ਸੀ,
ਤਵਾਰੀਖ਼ ਦੀ ਇੱਕ ਜ਼ੰਜੀਰ ਬਣ ਗਈ।
ਉਹ ਜ਼ੰਜੀਰ ਆ ਕੇ ਮੇਰੇ ਮਨ ਅੰਦਰ,
ਵੱਖੋ-ਵੱਖਰੇ ਤਿੰਨ ਸਰੀਰ ਬਣ ਗਈ।
ਭੋਲੇ ਮੁੱਖੜੇ ਸ਼ਾਨ ਦੁਮਾਲਿਆਂ ਦੀ,
ਬੁਰਜ ਵਿੱਚ ਇੱਕ ਝਾਕਾ ਅਜੱਰ ਦਿਸਿਆ।
'ਤੀਰ' ਕੱਕਰੀ ਰਾਤ ਵਿੱਚ ਸਣੇ ਦਾਦੀ,
ਸੁੱਤਾ ਫ਼ਤਹ ਅਤੇ ਜ਼ੋਰਾਵਰ ਦਿੱਸਿਆ।
ਫੇਰ ਬੁਰਜ ਦੇ ਅੰਦਰੋਂ ਦਰਦ-ਭਿੱਜੀ,
ਅੰਬਰ ਵੱਲ ਇੱਕ ਉੱਠਦੀ ਆਹ ਦਿੱਸੀ।
ਉਸ ਆਹ ਦੀ ਅੱਗ ਵਿੱਚ ਸੜ ਕੇ,
ਹੁੰਦੀ ਜ਼ੁਲਮ ਦੀ ਤੇਗ਼ ਸਵਾਹ ਦਿੱਸੀ।
ਪਾ ਕੇ ਉਸ ਸਵਾਹ ਨੂੰ ਸਿਰ ਅੰਦਰ,
ਮੁਗ਼ਲ ਵੰਸ ਹੁੰਦੀ ਖ਼ਾਕਸ਼ਾਹ ਦਿੱਸੀ।
'ਤੀਰ' ਖ਼ੂਨੀ ਸਰਹੰਦ ਦੀ ਹੋਂਦ ਅੰਦਰ,
ਜੋ ਵੀ ਨੈਣ ਦਿਸਿਆ ਹੋਇਆ ਤਰ ਦਿਸਿਆ।
ਹਰ ਇੱਕ ਹੰਝੂ ਅੰਦਰ ਜਦੋਂ ਡਿੱਠਾ,
ਬੈਠਾ ਫ਼ਤਹ ਅਤੇ ਜ਼ੋਰਾਵਰ ਦਿਸਿਆ।

❊ ❊ ❊ ❊ ❊



ਜਤਿੰਦਰ ਲਸਾੜਾ

## ਗਜ਼ਲ

ਨਫ਼ਰਤ ਰੰਗੇ ਫਿਰਦੇ ਲੋਕ,
ਵੰਡੇ ਵੰਡੇ ਫਿਰਦੇ ਲੋਕ।

ਸਾਹਾਂ ਦੀ ਗਰਮੀ ਤੋਂ ਸੱਖਣੇ,
ਠੰਢੇ ਠੰਢੇ ਫਿਰਦੇ ਲੋਕ।

ਤਿੜਕੇ, ਬਿਖ਼ਰੇ, ਉਲਝੇ, ਉਧੜੇ,
ਰਿਸ਼ਤੇ ਗੰਢੇ ਫਿਰਦੇ ਲੋਕ।

ਜੀਵਨ ਦੀ ਤਾਣੀ ਵਿੱਚ ਉਲਝੇ,
ਸੂਲੀ ਟੰਗੇ ਫਿਰਦੇ ਲੋਕ।

ਕੁੱਝ ਭੁੱਖੇ, ਕੁੱਝ ਫੈਸ਼ਨ ਦੇ ਵਿੱਚ,
ਨੰਗ-ਧੜੰਗੇ ਫਿਰਦੇ ਲੋਕ।

ਇਸ ਦੁਨੀਆਂ ਦੀ ਹਰ ਨੁੱਕਰ 'ਤੇ
ਕਰਦੇ ਦੰਗੇ ਫਿਰਦੇ ਲੋਕ।

ਅਣਗੌਲਿਆ ਆਜ਼ਾਦੀ ਘੁਲਾਟੀਆ

# ਹਰੀ ਸਿੰਘ ਸੈਣੀ ਐਮ.ਐਲ.ਏ.

ਗੁਰਬਿੰਦਰ ਸਿੰਘ ਮਾਣਕ
ਮਨੌਲੀ



ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣ ਲਈ ਬੇਸ਼ੁਮਾਰ ਸੂਰਬੀਰਾਂ, ਯੋਧਿਆਂ ਤੇ ਦੇਸ਼ ਭਗਤਾਂ ਨੇ ਆਪਣੀਆਂ ਜਾਨਾਂ ਦੀ ਆਹੂਤੀ ਦਿੱਤੀ। ਲੰਮਾ ਸਮਾਂ ਅੰਗਰੇਜ਼ਾਂ ਦਾ ਜਬਰ ਸਹਿੰਦਿਆਂ ਆਜ਼ਾਦੀ ਦੇ ਪਰਵਾਨਿਆਂ ਨੇ ਕਾਲ-ਕੋਠੜੀਆਂ, ਕਾਲੇ-ਪਾਣੀਆਂ ਤੇ ਫਾਂਸੀਆਂ ਦੇ ਰੱਸੇ ਚੁੰਮ ਕੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਿਆ। ਸਮਾਜ ਦੇ ਸਭ ਵਰਗਾਂ ਨੇ ਦੇਸ਼ ਦੀ ਆਨ-ਸ਼ਾਨ ਤਿਰੰਗੇ ਨੂੰ ਲਾਲ ਕਿਲ੍ਹੇ ਤੋਂ ਝੁਲਦਿਆਂ ਦੇਖਣ ਲਈ ਆਪਣਾ ਆਪਣਾ ਹਿੱਸਾ ਪਾਇਆ।

ਆਜ਼ਾਦੀ ਦੇ ਬਹੁਤੇ ਪਰਵਾਨੇ ਤਾਂ ਦੇਸ਼ ਦੇ ਆਜ਼ਾਦ ਹੋਣ ਤੋਂ ਪਹਿਲਾਂ ਹੀ ਆਪਣਾ ਖੂਨ ਦੇ ਕੇ ਸ਼ਹਾਦਤਾਂ ਦਾ ਜਾਮ ਪੀ ਚੁੱਕੇ ਸਨ। ਕੁਝ ਵਿਰਲੇ ਸੂਰਬੀਰ ਅਜਿਹੇ ਵੀ ਸਨ ਜਿਹੜੇ ਅੰਗਰੇਜ਼ਾਂ ਦੇ ਜ਼ੁਲਮਾਂ ਦਾ ਸ਼ਿਕਾਰ ਤਾਂ ਹੁੰਦੇ ਰਹੇ, ਪਰ ਉਹ ਖੁਸ਼ਕਿਸਮਤ ਸਨ ਕਿਉਂਕਿ ਉਨ੍ਹਾਂ ਨੂੰ ਆਜ਼ਾਦੀ ਦਾ ਨਿੱਘ ਮਾਨਣ ਦਾ ਅਵਸਰ ਵੀ ਪ੍ਰਾਪਤ ਹੋਇਆ। ਅਜਿਹੇ ਹੀ ਆਜ਼ਾਦੀ ਦੇ ਪਰਵਾਨੇ ਸਨ ਸਾਬਕਾ ਵਿਧਾਇਕ ਸ.ਹਰੀ ਸਿੰਘ ਸੈਣੀ। ਉਨ੍ਹਾਂ ਦੇ ਪਰਿਵਾਰਕ ਪਿਛੋਕੜ ਤੇ ਜੀਵਨ-ਘਟਨਾਵਾਂ ਸਬੰਧੀ ਬਹੁਤੀ ਜਾਣਕਾਰੀ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਉਨ੍ਹਾਂ ਦੀ ਛੋਟੀ ਭਰਜਾਈ ਬੀਬੀ ਮੁਹਿੰਦਰ ਕੌਰ ਪਤਨੀ ਜੀਵਨ ਸਿੰਘ, ਭੈਣ ਬੀਬੀ ਸਵਰਨ ਕੌਰ ਤੇ ਭਾਣਜੇ ਸ. ਮੰਗਤ ਸਿੰਘ ਗੰਭੋਵਾਲੀਆ ਦੇ ਉੱਦਮ ਅਤੇ ਸਹਿਯੋਗ ਸਦਕਾ ਹੀ ਪ੍ਰਾਪਤ ਹੋਈ।

ਸਰਦਾਰ ਹਰੀ ਸਿੰਘ ਸੈਣੀ ਦਾ ਜਨਮ 31 ਜੁਲਾਈ 1912 ਨੂੰ ਜਥੇਦਾਰ ਕਰਮ ਸਿੰਘ ਦੇ ਗ੍ਰਿਹਿ, ਉੜਮੁੜ ਟਾਂਡਾ ਦੇ ਨੇੜੇ ਪਿੰਡ ਅਹੀਆਪੁਰ (ਹੁਸ਼ਿਆਰਪੁਰ) ਵਿਖੇ ਹੋਇਆ। ਜਥੇਦਾਰ ਕਰਮ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਸਮੇਂ ਮੈਂਬਰ ਸਨ। ਸਿੱਖ ਧਰਮ ਤੇ ਸ਼ਾਨਾਮਤੇ ਇਤਿਹਾਸ ਦੀ ਗੁੜ੍ਹਤੀ ਸ.ਹਰੀ ਸਿੰਘ ਹੋਰਾਂ ਨੂੰ ਘਰ ਤੋਂ ਹੀ ਪ੍ਰਾਪਤ ਹੋਈ। ਉਨ੍ਹਾਂ ਦਾ ਸਮੁੱਚਾ ਪਰਿਵਾਰ ਹੀ ਸੁਤੰਤਰਤਾ ਸੈਨਾਨੀਆ ਦਾ ਪਰਿਵਾਰ ਸੀ। ਕੇਵਲ ਸੱਤ ਸਾਲ ਦੀ ਉਮਰ ਵਿਚ ਹੀ ਹਰੀ ਸਿੰਘ ਸੈਣੀ ਦੇ ਮਨ ਵਿਚ ਦੇਸ਼-ਪ੍ਰੇਮ ਦਾ ਜ਼ਜਬਾ ਪੈਦਾ ਹੋ ਗਿਆ ਸੀ। ਜੈਤੋ ਦੇ ਮੋਰਚੇ ਸਮੇਂ ਵੀ ਹਰੀ ਸਿੰਘ ਦੇ ਚਾਚਾ ਜਥੇਦਾਰ ਗੁੱਜਰ ਸਿੰਘ ਨੇ ਸਰਗਰਮੀ ਨਾਲ ਭਾਗ ਲਿਆ ਤੇ ਲੰਗਰ ਛਕਾਉਣ ਦੀ ਸੇਵਾ ਨਿਭਾਉਂਦੇ ਰਹੇ। ਸ. ਹਰੀ ਸਿੰਘ ਦੇ ਭਰਾ ਸ.ਈਸ਼ਰ ਸਿੰਘ ਅਰਸ਼ੀ ਪੰਜਾਬੀ ਦੇ ਸਿਰਕੱਢ ਕਵੀ ਸਨ। ਉਨ੍ਹਾਂ ਦੀਆਂ ਸਿੱਖ ਇਤਿਹਾਸਕ ਵਿਰਸੇ ਸਬੰਧੀ ਦੋ ਕਾਵਿ ਪੁਸਤਕਾਂ 'ਅਰਸ਼ੀ ਨੂਰ' ਅਤੇ 'ਅਰਸ਼ੀ ਕਿਰਨਾਂ' ਉਨ੍ਹਾ ਦੀ ਕਾਵਿ-ਪ੍ਰਤਿਭਾ ਦੀ ਜ਼ਾਮਨੀ ਭਰਦੀਆਂ ਹਨ।

ਸ.ਹਰੀ ਸਿੰਘ ਸੈਣੀ ਨੂੰ ਬਹੁਤੇ ਜਾਣ-ਪਛਾਣ ਵਾਲੇ ਲੋਕ ਅਕਸਰ ਹੀ 'ਚਾਚਾ ਜੀ' ਕਹਿ ਕੇ ਸਤਿਕਾਰ ਦਿੰਦੇ ਸਨ। ਆਮ ਲੋਕਾਂ ਦੇ ਕੰਮ-ਕਾਰ ਕਰਾਉਣ ਤੇ ਦੁੱਖਾਂ-ਸੁੱਖਾਂ ਦੇ ਭਾਈਵਾਲ ਹੋਣ ਕਾਰਨ ਓਹ ਲੋਕਾਂ ਵਿਚ ਬਹੁਤ ਹਰਮਨ ਪਿਆਰੇ ਸਨ। ਦੇਸ਼ ਨੂੰ ਆਜ਼ਾਦ ਕਰਾਉਣ ਲਈ ਮਹਾਤਮਾ ਗਾਂਧੀ ਵਲੋਂ ਚਲਾਏ ਗਏ ਸੱਤਿਆਗ੍ਰਹਿ ਤੇ ਭਾਰਤ ਛੱਡੋ ਅੰਦੋਲਨ ਵਿਚ ਵੀ ਉਨ੍ਹਾਂ ਨੇ ਸਰਗਰਮ ਭੂਮਿਕਾ ਨਿਭਾਈ। ਇਸ ਦੌਰਾਨ ਉਨ੍ਹਾਂ ਨੂੰ ਚਾਰ ਸਾਲ ਦੇ ਲੱਗਭੱਗ ਜੇਲ੍ਹ-ਯਾਤਰਾ ਹੀ ਨਹੀਂ ਕਰਨੀ ਪਈ, ਸਗੋਂ ਅੰਗਰੇਜ਼ ਹਕੂਮਤ ਦੀਆਂ ਸਖਤ ਸਜ਼ਾਵਾਂ ਵੀ ਆਪਣੇ ਪਿੰਡੇ 'ਤੇ ਹੰਢਾਉਣੀਆਂ ਪਈਆਂ। ਡੰਡਾਬੇੜੀ, ਚੱਕੀ-ਪੀਹਣਾ, ਟਾਟ ਵਰਦੀ ਪਹਿਨਣਾ ਤੇ ਬੈਂਤਾਂ ਦੀ ਮਾਰ ਵੀ ਹਰੀ ਸਿੰਘ ਵਰਗੇ ਯੋਧੇ ਦੇ ਹੌਸਲੇ ਨੂੰ ਤੋੜ ਨਾ ਸਕੀ। ਮੀਆਂ ਵਾਲੀ ਜੇਲ੍ਹ ਵਿਚ ਕੈਦ ਦੌਰਾਨ, ਜੇਲ੍ਹ ਦੇ ਇਕ ਕਰਮਚਾਰੀ ਨੇ ਜਦੋਂ ਹਰੀ ਸਿੰਘ ਨੂੰ ਮਾਂ ਦੀ ਗਾਲ੍ਹ ਕੱਢੀ ਤਾਂ ਉਨ੍ਹਾ ਨੇ ਸਭ ਦੇ ਸਾਹਮਣੇ ਹੀ ਉਸ ਦੀ ਜੁੱਤੀਆਂ ਨਾਲ ਸੇਵਾ ਕਰ ਦਿੱਤੀ। ਉਸ ਜੇਲ੍ਹ ਵਿਚ ਹੀ ਸੂਬਾ ਕਾਂਗਰਸ ਕਮੇਟੀ ਦੇ ਪ੍ਰਧਾਨ ਮੀਆਂ ਇਫਤਖਾਰੂ ਦੀਨ ਵੀ ਕੈਦ ਸਨ। ਉਨ੍ਹਾਂ ਨੇ ਸੈਣੀ ਸਾਹਿਬ ਦਾ ਪੱਖ ਲੈਂਦਿਆਂ ਕਿਹਾ ਕਿ ਹਰੀ ਸਿੰਘ ਤਾਂ ਸ਼ਰੀਫ ਇਨਸਾਨ ਹੈ, ਜੇ ਇਸ ਦੀ ਥਾਂ ਮੈਂ ਹੁੰਦਾ ਤਾਂ ਉਸ ਕਰਮਚਾਰੀ ਨੂੰ ਜਾਨੋਂ ਹੀ ਮਾਰ ਦਿੰਦਾ। ਜੇਲ੍ਹ ਪ੍ਰਸ਼ਾਸਨ ਹੋਰ ਤਾਂ ਕੁਝ ਨਾਂ ਕਰ ਸਕਿਆ ਪਰ ਉਨ੍ਹਾਂ ਨੂੰ ਮੁਲਤਾਨ ਜੇਲ੍ਹ ਵਿਚ ਬਦਲ ਦਿੱਤਾ ਗਿਆ। ਕਈ ਸਾਲ ਪਹਿਲਾਂ ਜਲੰਧਰ ਦੂਰਦਰਸ਼ਨ 'ਤੇ ਹੋਈ ਇਕ ਇੰਟਰਵਿਊ ਸਮੇਂ ਵੀ ਉਨ੍ਹਾਂ ਨੇ ਜੇਲ੍ਹ ਵਿਚ ਅੰਗਰਜ਼ ਹਾਕਮਾਂ ਵਲੋਂ ਢਾਏ ਜ਼ੁਲਮਾਂ ਦੀ ਦਾਸਤਾਨ ਬਹੁਤ ਬੇਬਾਕੀ ਨਾਲ ਬਿਆਨ ਕੀਤੀ ਸੀ। ਭਾਰਤ ਛੱਡੋ ਅੰਦੋਲਨ ਸਮੇਂ ਟਾਂਡਾ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਦਿਲ ਦਹਿਲਾਉਣ ਵਾਲਾ ਤਸ਼ੱਦਦ ਕੀਤਾ। ਉਨ੍ਹਾਂ ਦੀਆਂ ਅੱਖਾਂ ਵਿਚ ਪੰਜ ਸੌ ਵਾਟ ਦੇ ਬਲਬ ਦੀ ਰੌਸ਼ਨੀ ਪਾਈ ਜਾਂਦੀ ਰਹੀ ਤੇ ਉਨ੍ਹਾਂ ਨੂੰ ਕਈ ਦਿਨਾਂ ਤੱਕ ਸੌਣ ਨਹੀਂ ਦਿੱਤਾ ਗਿਆ।



ਹਰੀ ਸਿੰਘ ਸੈਣੀ ਆਜ਼ਾਦੀ ਦੀ ਲੜਾਈ ਦੌਰਾਨ, ਉਸ ਸਮੇਂ ਦੇ ਵੱਡੇ ਨੇਤਾਵਾਂ-ਡਾ. ਸੈਫੂਦੀਨ ਕਿਚਲੂ, ਸਰਵੋਦੇ ਨੇਤਾ ਡਾ. ਲਹਿਣਾ ਸਿੰਘ, ਲਾਲਾ ਜਗਤ ਨਰਾਇਣ, ਪ੍ਰਤਾਪ ਸਿੰਘ ਕੈਰੋਂ ਤੇ ਦਰਬਾਰਾ ਸਿੰਘ ਆਦਿ ਦੇ ਮੋਢੇ ਨਾਲ ਮੋਢਾ ਜੋੜ ਕੇ

ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਦਾ ਯਤਨ ਕਰਦੇ ਰਹੇ। 1942 ਵਿਚ ਭਾਰਤ ਛੱਡੋ ਅੰਦੋਲਨ ਸਮੇਂ ਵੀ ਉਨ੍ਹਾਂ ਨੂੰ ਹੋਰ ਨੇਤਾਵਾਂ ਸਮੇਤ ਕੈਦ ਕਰ ਲਿਆ ਗਿਆ। ਬਾਅਦ ਵਿਚ ਉਨ੍ਹਾਂ ਨੂੰ ਪੰਜਾਬ ਆਉਣ ਤੋਂ ਵੀ ਰੋਕ ਦਿੱਤਾ ਗਿਆ ਤਾਂ ਉਹ ਹਜ਼ੂਰ ਸਾਹਿਬ ਚਲੇ ਗਏ। ਵਾਪਸ ਆਉਣ ਤੇ ਇਕ ਜਲਸੇ ਵਿਚ ਭਾਸ਼ਨ ਦੌਰਾਨ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਜੇਲ੍ਹ ਵਿਚ ਤਸੀਹੇ ਦਿੱਤੇ ਗਏ।

ਆਜ਼ਾਦੀ ਤੋਂ ਬਾਅਦ ਉਨ੍ਹਾਂ ਨੂੰ ਹੁਸ਼ਿਆਰਪੁਰ ਕਾਂਗਰਸ ਦਾ ਪ੍ਰਧਾਨ ਬਣਾਇਆ ਗਿਆ। ਹਰੀ ਸਿੰਘ ਸੈਣੀ ਵਲੋਂ ਆਜ਼ਾਦੀ ਸੰਗਰਾਮ ਦੌਰਾਨ ਪਾਏ ਯੋਗਦਾਨ ਨੂੰ ਦੇਖਦਿਆਂ ਕਾਂਗਰਸ ਕਮੇਟੀ ਨੇ 1952 ਵਿਚ ਉਨ੍ਹਾਂ ਨੂੰ ਦਸੂਹਾ ਹਲਕੇ ਤੋਂ ਐਮ.ਐਲ.ਏ. ਦਾ ਉਮੀਦਵਾਰ ਬਣਾਇਆ ਗਿਆ। ਉਨ੍ਹਾਂ ਨੇ ਜਿੱਤ ਪ੍ਰਾਪਤ ਕੀਤੀ। ਪਾਰਟੀ ਵਿੱਚ ਦੀ ਜ਼ਿੰਮੇਵਾਰੀ ਉਹ ਨਿਭਾਉਂਦੇ ਰਹੇ। ਵੰਡ ਤੋਂ ਬਾਅਦ ਸ਼ਰਨਾਰਥੀਆਂ ਦੇ ਮੁੜ-ਵਸੇਬੇ ਲਈ ਵੀ ਉਨ੍ਹਾਂ ਨੇ ਬੇਹੱਦ ਕੰਮ ਕੀਤਾ। ਟਰਾਂਸਪੋਰਟ ਮੰਤਰੀ ਲਾਲਾ ਜਗਤ ਨਰਾਇਣ ਦੀ ਅਗਵਾਈ ਵਿਚ ਹਰੀ ਸਿੰਘ ਸੈਣੀ ਨੇ ਪ੍ਰਾਈਵੇਟ ਬੱਸਾਂ ਦੀ ਥਾਂ, ਪੰਜਾਬ ਰੋਡਵੇਜ਼ ਦੀ ਸ਼ੁਰੂਆਤ ਕਰਾਉਣ ਲਈ ਵੀ ਚੰਗਾ ਕੰਮ ਕੀਤਾ। ਉਹ ਇਕ ਅਣਥੱਕ ਕਾਮੇ ਦੇ ਰੂਪ ਵਿਚ ਲੋਕਾਂ ਲਈ ਜੂਝਦੇ ਰਹੇ। ਦੇਸ਼ ਵਿਚ ਪਏ ਕਾਲ ਸਮੇਂ ਜਦੋਂ ਉਹ ਲਾਲ ਬਹਾਦਰ ਸ਼ਾਸਤਰੀ ਜੀ ਦੇ ਸੰਪਰਕ ਵਿਚ ਆਏ ਤਾਂ ਉਨ੍ਹਾਂ ਨੇ ਆਪਣੇ ਖਾਣ-ਪੀਣ ਤੇ ਏਨਾ ਕੰਟਰੋਲ ਕੀਤਾ ਕਿ ਉਹ ਅਗਲੀ ਜ਼ਿੰਦਗੀ ਵਿਚ ਕੇਵਲ ਦੋ ਰੋਟੀਆਂ ਹੀ ਖਾਂਦੇ ਰਹੇ। ਦੇਸ਼ ਵਿਚ ਫੈਲੇ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਗੈਰਜ਼ਿੰਮੇਵਾਰੀ, ਬੇਈਮਾਨੀ ਤੇ ਭਾਈ ਭਤੀਜਾਵਾਦ ਵਰਗੀਆਂ ਨਾ-ਮੁਰਾਦ ਬਿਮਾਰੀਆਂ ਨੂੰ ਦੇਖ ਕੇ, ਉਨ੍ਹਾਂ ਦੇ ਮਨ ਨੂੰ ਬਹੁਤ ਕਸ਼ਟ ਹੁੰਦਾ। ਉਹ ਅਕਸਰ ਹੀ ਇਹ ਕਿਹਾ ਕਰਦੇ ਸਨ ਕਿ ਦੇਸ਼ ਭਗਤਾਂ, ਸੂਰਬੀਰਾਂ ਤੇ ਸ਼ਹੀਦਾਂ ਨੇ ਜਿਹੜੀ ਆਜ਼ਾਦੀ ਦੀ ਕਾਮਨਾ ਕੀਤੀ ਸੀ, ਉਹ ਆਜ਼ਾਦੀ ਅਜੇ ਨਹੀਂ ਆਈ। ਇਸ ਤਰ੍ਹਾਂ ਦੀ ਸਥਿਤੀ ਵਿਚ ਹੀ ਉਹ ਆਪਣੇ ਬੱਚਿਆਂ ਕੋਲ ਕੈਨੇਡਾ ਜਾ ਵਸੇ। ਕੈਨੇਡਾ ਰਹਿਣ ਦੇ ਬਾਵਜੂਦ ਹਰੀ ਸਿੰਘ ਸੈਣੀ ਨੇ ਭਾਰਤੀ ਨਾਗਰਿਕਤਾ ਨੂੰ ਨਹੀਂ ਤਿਆਗਿਆ। ਉਹ ਅਕਸਰ ਹੀ ਆਪਣੇ ਮਨ ਵਿਚ ਦੇਸ਼-ਪ੍ਰੇਮ ਦਾ ਡੂੰਘਾ ਵਸਿਆ ਜ਼ਜਬਾ ਲੈ ਕੇ, ਆਪਣੀ ਮਿੱਟੀ ਨੂੰ ਸਿਜਦਾ ਕਰਨ ਆਉਂਦੇ ਰਹੇ। ਅਹੀਆਪੁਰ ਵਿਚ ਬਣਨ ਵਾਲੇ ਸ਼ਹੀਦੇ-ਆਜ਼ਮ ਭਗਤ ਸਿੰਘ ਕਲੱਬ ਦੇ ਨੀਂਹ-ਪੱਥਰ ਰੱਖਣ ਦੇ ਸਮਾਗਮ ਦੌਰਾਨ ਉਹ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਉਨ੍ਹਾਂ ਨੇ ਇਸ ਦੀ ਉਸਾਰੀ ਲਈ ਇਕ ਲੱਖ ਰੁਪਏ ਦਾ ਯੋਗਦਾਨ ਵੀ ਪਾਇਆ। ਇਹ ਆਜ਼ਾਦੀ ਘੁਲਾਟੀਆ 101 ਸਾਲ ਦੀ ਭਰਪੂਰ ਉਮਰ ਭੋਗ ਕੇ 21 ਅਕਤੂਬਰ 2013 ਵਿਚ ਕੈਨੇਡਾ ਦੀ ਧਰਤੀ ਉੱਤੇ ਹੀ ਅਕਾਲ ਚਲਾਣਾ ਕਰ ਗਿਆ। ਅਜਿਹੇ ਨੇਤਾ ਵਿਰਲੇ ਹੀ ਹੁੰਦੇ ਹਨ ਜਿਹੜੇ ਨਿਰਸਵਾਰਥ ਸੇਵਾ-ਭਾਵਨਾ ਤੇ ਸੁਹਿਰਦਤਾ ਨਾਲ ਆਪਣਾ ਫਰਜ਼ ਨਿਭਾਅ ਕੇ ਲੋਕ-ਮਨਾਂ ਵਿਚ ਵਸ ਜਾਂਦੇ ਹਨ।

## ਸੈਣੀ ਬਰਾਦਰੀ ਦੀਆਂ ਮਾਣਮੱਤੀਆਂ ਸਖਸ਼ੀਅਤਾਂ



ਅਸਟਰੇਲੀਆ ਦੇ ਸ਼ਹਿਰ ਮੈਲਬੌਰਨ ਵਿੱਚ ਵਸਦੇ **ਸ.ਸਤਨਾਮ ਸਿੰਘ ਪਾਬਲਾ** ਵਿਕਟੋਰੀਆ ਦੇ 'ਜਸਟਿਸ ਆਫ਼ ਪੀਸ' ਬਣ ਗਏ ਹਨ। ਉਹ ਕਮਿਊਨਿਟੀ ਦਾ ਪ੍ਰਸ਼ਾਸਨਿਕ ਅਧਿਕਾਰੀ ਹੋਵੇਗਾ ਜੋ ਸਰਟੀਫ਼ੀਕੇਟ, ਪਾਸਪੋਰਟ, ਸਪਾਂਸਰਸ਼ਿਪ, ਹਲਫ਼ੀਆ ਬਿਆਨ ਅਤੇ ਪਹਿਚਾਣ ਪੱਤਰ ਤਸਦੀਕ ਕਰਨ ਦੇ ਸਮਰੱਥ ਹੋਵੇਗਾ ਜਿਸ ਨੂੰ ਸਰਕਾਰੀ ਏਜੰਸੀਆਂ ਮਾਨਤਾ ਦਿੰਦੀਆਂ ਹਨ। ਇਸ ਨਾਲ ਪੰਜਾਬੀ ਲੋਕਾਂ ਨੂੰ ਬਹੁਤ ਲਾਭ ਹੋਵੇਗਾ। ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬਸਿਆਲਾ ਵਿਖੇ ਸਵ.ਹਰਭਜਨ ਸਿੰਘ ਅਤੇ ਸਵ.ਮਾਤਾ ਸੀਤਲ ਕੌਰ ਦੇ ਘਰ ਜਨਮੇ ਇਹ ਸਮਾਜਸੇਵੀ ਸਕੂਲੀ ਪੜ੍ਹਾਈ ਸਰਕਾਰੀ ਸਕੂਲਾਂ ਵਿੱਚੋਂ ਹਾਸਲ ਕਰ ਕੇ 1988 ਵਿੱਚ ਅਸਟਰੇਲੀਆ ਆ ਗਏ ਅਤੇ ਰੁਜ਼ਗਾਰ ਕਮਾਉਣ ਦੇ ਨਾਲ ਨਾਲ ਸਮਾਜਿਕ ਕਾਰਜਾਂ ਵਿੱਚ ਵੀ ਦਿਲਚਸਪੀ ਲੈਣ ਲੱਗੇ। ਇਸ ਸਮੇਂ ਆਪ ਗੁਰੂਦੁਆਰਾ ਸਿੰਘ ਸਭਾ ਕਰੇਗੀਬਰਨ, ਅਸਟਰੇਲੀਅਨ ਕਬੱਡੀ ਫੈਡਰੇਸ਼ਨ ਅਤੇ ਅਸਟਰੇਲੀਅਨ ਸਿੱਖ ਗੇਮਜ਼ ਦੇ ਅਹੁਦੇਦਾਰ ਹਨ। ਆਪ ਦੀ ਇਹ ਨਿਯੁਕਤੀ ਪੰਜਾਬੀਆਂ ਅਤੇ ਸੈਣੀ ਬਰਾਦਰੀ ਲਈ ਅਤਿ ਮਾਣ ਦੀ ਗੱਲ ਹੈ।



ਇੰਗਲੈਂਡ ਦੇ ਸ਼ਹਿਰ ਬਰਮਿੰਘਮ ਦੇ ਵਸਨੀਕ **ਸ.ਸਤਨਾਮ ਸਿੰਘ ਸੈਣੀ** (ਬੀ.ਐਸ.ਸੀ.ਆਨਰਜ਼), ਹੰਸ ਏਅਰਵੇਜ਼ ਦੇ ਮਾਲਕ ਹਨ ਜਿਨ੍ਹਾਂ ਨੇ ਅੰਮ੍ਰਿਤਸਰ ਲਈ ਨਾਨਸਟਾਪ ਉਡਾਨਾਂ ਸ਼ੁਰੂ ਕੀਤੀਆਂ ਹਨ। ਇਸ ਨਾਲ ਯੂ.ਕੇ ਵਿੱਚ ਰਹਿੰਦੇ ਸਿੱਖ ਭਾਈਚਾਰੇ ਨੂੰ ਆਪਣੇ ਕੇਂਦਰੀ ਧਾਰਮਿਕ ਸਥਾਨ ਸ਼੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਦੀ ਸਹੂਲਤ ਪ੍ਰਾਪਤ ਹੋਵੇਗੀ। ਉਨ੍ਹਾਂ ਦੀ ਯੋਜਨਾ ਕੈਨੇਡਾ ਦੇ ਸ਼ਹਿਰਾਂ ਟਰਾਂਟੋ ਅਤੇ ਵੈਨਕੂਵਰ ਜਿੱਥੇ ਕਿ ਸਿੱਖਾਂ ਦੀ ਆਬਾਦੀ ਬਹੁਤ ਹੈ, ਨੂੰ ਵੀ ਬਰਮਿੰਘਮ ਰਾਹੀਂ ਅੰਮ੍ਰਿਤਸਰ ਨਾਲ ਜੋੜਨ ਦੀ ਹੈ। ਇਹ ਬਹੁਤ ਸ਼ਲਾਘਾਯੋਗ ਕਾਰਜ ਹੈ ਜਿਸ ਨਾਲ ਸੈਣੀ ਬਰਾਦਰੀ ਦਾ ਮਾਣ ਨਾਲ ਸਿਰ ਉੱਚਾ ਹੁੰਦਾ ਹੈ।



ਮੁਹਾਲੀ ਜ਼ਿਲ੍ਹੇ ਦੇ ਪਿੰਡ ਦੇਸੂ ਮਾਜਰਾ ਦੇ ਜੰਮਪਲ **ਇੰਜ. ਤੇਜਦੀਪ ਸਿੰਘ ਸੈਣੀ, ਪੀ.ਸੀ.ਐਸ, ਪੰਜਾਬ** ਦੇ ਸੈਕੰਡਰੀ ਸਿਖਿਆ ਵਿਭਾਗ ਦੇ ਡਾਇਰੈਕਟਰ ਨਿਯੁਕਤ ਕੀਤੇ ਗਏ ਹਨ। ਉਹ ਪਹਿਲਾਂ ਕੇਂਦਰੀ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿੱਚ

ਬਾਕੀ ਸਫ਼ਾ 14 'ਤੇ



## NEW FIVE YEAR MEMBERS OF "SAINI SANSAR"

Compiled by
Jagdev Singh
Saini Bhawan, Rupnagar

Continued from page 28 of 45th Issue

1050. **S. Aditybir Singh,** # 141, G.Z.S. Nagar Rupnagar
1051. **S. Tarlochan Singh**, # 61, Piara Singh Colony Rupnagar
1052. **Smt. Kulwinder Kaur**, # V&PO- Phool Pur Grewal Distt. Rupnagar
1053. **S. Kuljit Singh,** M/S Saini Property Dealer, Rupnagar
1054. **Smt. Harbans Kaur,** # 151, Gillco Valley Rupnagar
1055. **Sh. Dhani Ram,** Rtd.Under Sec., # Mohali
1056. **S. Amarjit Singh,** # 185, Dasmesh Nagar, Rupnagar
1057. **Smt. Harinder Saini,** # 17, Green Enclave, Rupnagar
1058. **S. Joga Singh,** # Vill.- Uski, P.O. Basant Pura, Distt. Patiala
1059. **S. Jasvir Singh,** # 17A, Green Avenue, Rupnagar
1060. **S. Tarlochan Singh,** Vill. Thali Khurd, P.O. Ghanauli, Distt.Rupnagar
1061. **S. Gurcharan Singh,** # Sector 68, Mohali
1062. **S. Sharanjit Singh,** # 6, Cambridge St. Attleboro(USA)

❈ ❈ ❈ ❈ ❈

ਸਫ਼ਾ 13 ਦੀ ਬਾਕੀ

ਐਸ.ਡੀ.ਐਮ ਅਤੇ ਡਾਇਰੈਕਟਰ ਖੇਡਾਂ ਦੇ ਅਹੁਦਿਆਂ 'ਤੇ ਤਾਇਨਾਤ ਸਨ। ਸ਼੍ਰੀ ਸੈਣੀ ਆਪਣੀ ਲਿਆਕਤ, ਮਿਹਨਤ ਤੇ ਇਮਾਨਦਾਰੀ ਲਈ ਪੂਰੇ ਪੰਜਾਬ ਵਿੱਚ ਪ੍ਰਸਿੱਧ ਹਨ। ਸਮੂਹ ਸੈਣੀ ਬਰਾਦਰੀ ਨੂੰ ਉਨ੍ਹਾਂ 'ਤੇ ਅੰਤਾਂ ਦਾ ਮਾਣ ਹੈ। ਸਾਨੂੰ ਪੂਰੀ ਆਸ ਹੈ ਕਿ ਉਹ ਆਪਣੀ ਇਸ ਉੱਚ ਪੱਦਵੀ ਦੀਆਂ ਕਠਿਨ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਰ ਵੀ ਨਿੱਖਰ ਜਾਣਗੇ। ਪਰਮਾਤਮਾ ਉਨ੍ਹਾਂ ਨੂੰ ਬੁਲੰਦੀਆਂ ਬਖਸ਼ੇ। ਉਹ ਸੈਣੀ ਭਵਨ ਰੂਪਨਗਰ ਨਾਲ ਨੇੜੇ ਤੋਂ ਜੁੜੇ ਹੋਏ ਹਨ।

❈ ❈ ❈ ❈ ❈

## *New Life Member of Saini Bhawan*

1. **S. Parvinder Singh**
s/o S. Gurdev Singh, # 2911, Piara Singh Colony Rupnagar



2. **S. Amrik Singh**
s/o Late S. Pritam Singh, V&P.O – Kotla Nihang, Distt. Rupnagar



3. **S. Narinderpal Singh Tamber**
s/o S. Ram Singh Badla, # 540, Rundle Ridge ORNE Calgory, Alberta (Canada).



❈ ❈ ❈ ❈ ❈

## ਅਕਤੂਬਰ-ਦਸੰਬਰ, 2022 ਦੌਰਾਨ ਸੈਣੀ ਭਵਨ ਦੀ ਵਿਤੀ ਸਹਾਇਤਾ ਕਰਨ ਵਾਲੇ ਦਾਨੀ ਸੱਜਣ

ੳ) ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਨੂੰ ਵਿਕਾਸ ਕਾਰਜਾਂ ਲਈ-

1. **ਨਰਿੰਦਰਪਾਲ ਸਿੰਘ ਤੰਬੜ**, # 540, ਰੁੰਡਲੇ ਰਿੱਜ ਕੈਲਗਰੀ (ਕੈਨੇਡਾ)= 11000 ਰੁਪਏ
2. **ਸ਼੍ਰੀਮਤੀ ਗਗਨਦੀਪ ਕੌਰ** ਸੈਣੀ ਪਤਨੀ ਐਡਵੋਕੇਟ ਅਮਰ ਰਾਜ ਸੈਣੀ,# ਰੂਪਨਗਰ= 1100 ਰੁਪਏ

ਅ) ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਨੂੰ ਵਜ਼ੀਫ਼ਿਆਂ ਲਈ-

1. **ਕੈਪਟਨ ਹਾਕਮ ਸਿੰਘ** # 114, ਬੇਅੰਤ ਸਿੰਘ ਅਮਨ ਨਗਰ, ਰੂਪਨਗਰ= 1,40000 ਰੁਪਏ
2. **ਸ. ਬਲਦੇਵ ਸਿੰਘ ਮੁੰਦਰਾ**, # ਆਸ਼ਾ ਨਗਰ ਕੈਡੇਵਲੀ, ਮੁੰਬਈ = 1,75000 ਰੁਪਏ
3. **ਸ. ਮਨਮੋਹਣ ਸਿੰਘ,** # ਨੋਇਡਾ (ਯੂ.ਪੀ) = 100000 ਰੁਪਏ
4. **ਡਾ. ਰਾਜਵਿੰਦਰ ਸਿੰਘ** # 40, ਸੈਕਟਰ 71, ਮੋਹਾਲੀ = 100000 ਰੁਪਏ
5. **ਸ. ਦਵਿੰਦਰ ਸਿੰਘ ਜਟਾਣਾ** # 412, ਗੋਬਿੰਦ ਵੈਲੀ, ਰੂਪਨਗਰ = 25000 ਰੁਪਏ
6. **ਡਾ.ਹਰਚਰਨ ਦਾਸ,** ਰਿਟਾ. ਜ਼ਿਲ੍ਹਾ ਸਿੱਖਿਆ ਅਫ਼ਸਰ) ਗੋਬਿੰਦ ਵੈਲੀ ਰੂਪਨਗਰ= 21000 ਰੁਪਏ
7. **ਸ. ਸੁਖਪਾਲ ਸਿੰਘ** ਪੁੱਤਰ ਸ. ਇੰਦਰਜੀਤ ਸਿੰਘ, ਪਿੰਡ-ਖਾਨਪੁਰ, ਜ਼ਿਲ੍ਹਾ-ਰੂਪਨਗਰ= 8000 ਰੁਪਏ



ਕਹਾਣੀ

# ਇੱਕ ਵੱਟੇ ਦੂਈ

**ਡਾ. ਜਸਵੰਤ ਕੌਰ**
**ਸੈਣੀ ਭਵਨ ਰੂਪਨਗਰ**

ਅਜੀਬ ਜਿਹੀ ਸਥਿਤੀ ਸੀ ਜੋਗਾ ਸਿੰਘ ਦੀ। ਕਿਸੇ ਪਾਸਿਓਂ ਕੋਈ ਹੱਥ ਪਲੇ ਨਹੀਂ ਸੀ ਪੈ ਰਿਹਾ। ਉਸ ਨੇ ਸਾਰੇ ਦੋਸਤਾਂ-ਮਿੱਤਰਾਂ ਨੂੰ ਕਹਿ ਛੱਡਿਆ ਸੀ। ਸਾਰੇ ਰਿਸ਼ਤੇਦਾਰ ਉਹਦੇ ਲਈ ਫਿਕਰਮੰਦ ਸਨ। ਜੋਗਾ ਸਿੰਘ ਦਾ ਬਜ਼ੁਰਗ ਬਾਪ ਅੜਿਆ ਬੈਠਾ ਸੀ ਕਿ ਲੜਕਾ ਆਪਣੀ ਜਾਤ ਦਾ ਹੋਵੇ। ਸ਼ਕਲੋਂ-ਸੂਰਤੋਂ ਪੂਰਾ ਹੋਵੇ ਫਿਰ ਤਾਂ ਠੀਕ ਹੈ। ਨਹੀਂ, ਇੱਥੇ ਸ਼ਹਿਰ ਵਿਚ ਆ ਕੇ ਤੂੰ ਵੀ ਸ਼ਹਿਰੀਆਂ ਵਾਲੀ ਬੋਲੀ ਹੀ ਬੋਲਦੈਂ ਕਿ ਕੀ ਫਰਕ ਪੈਂਦਾ। "ਮੁੰਡਾ ਰੁਜ਼ਗਾਰ ਸਿਰ ਹੋਵੇ, ਨਸ਼ਾ-ਪੱਤਾ ਨਾ ਕਰਦਾ ਹੋਵੇ, ਬੱਸ ਠੀਕ ਹੈ", ਇਹ ਜੋਗਾ ਸਿੰਘ ਦੀ ਸੋਚ ਸੀ।

ਜੋਗਾ ਸਿੰਘ ਰੋਜ਼ ਸ਼ਹਿਰ ਨੂੰ ਆਉਂਦਾ। "ਤੂੰ ਤਾਂ ਸਾਡੀ ਵੀ ਮਿੱਟੀ ਪਲੀਤ ਕਰੇਂਗਾ। ਮੈਂ ਕੀ ਮੂੰਹ ਦਿਖਾਊਂ ਪਿੰਡ 'ਚ ਜਾ ਕੇ। ਅਸੀਂ ਮੂਲੋਂ ਵੀ ਨਹੀਂ ਗਏ-ਗੁਜ਼ਰੇ ਪਈ ਜਿਹਦੇ ਨਾਲ ਮਰਜ਼ੀ ਤੋਰ ਦਈਏ ........"। ਜੋਗਾ ਸਿੰਘ, ਬਾਪੂ ਦੀਆਂ ਇਨ੍ਹਾਂ ਗੱਲਾਂ ਤੋਂ ਹੋਰ ਖਿਝ ਜਾਂਦਾ। ਉਹਨੂੰ ਸੋਚ ਸੋਚ ਕੇ ਹੋਰ ਫਿਕਰ ਪੈ ਜਾਂਦੀ ਕਿ ਇੱਕ ਤਾਂ ਕੁੜੀ ਦੀ ਉਮਰ ਵਧੀ ਜਾਂਦੀ ਆ, ਦੂਜਾ ਬਾਪੂ ਦੀਆਂ ਸ਼ਰਤਾਂ।

"ਵੱਡੀ ਤਾਂ ਕੀ, ਹੁਣ ਤਾਂ ਦੋਨੋਂ ਬਰੋਬਰ ਦੀਆਂ ਹੋ ਗਈਆਂ। ਤੂੰ ਅੱਖਾਂ ਮੀਚੀ ਬੈਠਾਂ। ਪਤਾ ਨਹੀਂ ਤੈਨੂੰ ਰਾਤ ਨੂੰ ਨੀਂਦ ਕਿੱਦਾਂ ਆਉਂਦੀ ਆ", ਬਾਪੂ ਇੱਕ ਦਿਨ ਦਫਤਰੋਂ ਆਏ ਜੋਗਾ ਸਿੰਘ ਨੂੰ ਫਿਰ ਟੁੱਟ ਕੇ ਪਿਆ। ਜੋਗਾ ਸਿੰਘ ਦੀ ਘਰਵਾਲੀ ਸੀਤਲ ਤਾਂ ਪਹਿਲਾਂ ਹੀ ਬਲੈਡ ਪ੍ਰੈਸ਼ਰ ਦੀ ਮਰੀਜ਼ ਬਣ ਗਈ ਸੀ। ਘਰ ਵਿੱਚ ਇੱਕੋ ਜਿਹੀਆਂ ਦੋ ਘੁੰਮਦੀਆਂ ਧੀਆਂ ਨੂੰ ਦੇਖ ਕੇ ਉਹਦੇ ਹੌਲ ਪੈਂਦੇ। ਛੋਟੀਆਂ ਦੋਵੇਂ ਤਾਂ ਅਜੇ ਪੰਜ ਸੱਤ ਸਾਲ ਬਾਅਦ ਤੋਰੀਆਂ ਜਾ ਸਕਦੀਆਂ ਹਨ ਵੱਡੀਆਂ ਦਾ ਕੀ ਕਰੇ। ਬਾਪੂ ਦੇ ਕਹੇ 'ਤੇ ਵੰਸ਼ ਵਧਾਉਣ ਦੀ ਆਸ ਨਾਲ ਉਨ੍ਹਾ ਨੇ ਕੁੜੀਆਂ ਨਾਲ ਵਿਹੜਾ ਭਰ ਲਿਆ ਸੀ।

ਉਨ੍ਹਾਂ ਦੇ ਜਨਮ ਵੇਲੇ ਤਾਂ ਹਉਕੇ ਲਏ ਹੀ ਸਨ ਹੁਣ ਉਨ੍ਹਾਂ ਨੂੰ ਤੋਰਨ ਦਾ ਫਿਕਰ ਸਗੋਂ ਵੱਧ ਸੀ। ਕੋਈ ਵੀ ਬਾਨਣੂੰ ਬੱਝਦਾ ਦਿਸਦਾ ਨਹੀਂ ਸੀ। ਹੁਣ ਤਾਂ ਸੀਤਲ ਨੇ ਜਾਣੀ ਸਭ ਕੁੱਝ ਰੱਬ ਆਸਰੇ ਹੀ ਛੱਡ ਦਿੱਤਾ ਸੀ। ਆਪਣੇ ਗੁਆਂਢ ਦੇ ਗੁਰਦੁਆਰੇ ਵੱਲੋਂ ਜਦੋਂ ਵੀ ਕੋਈ ਯਾਤਰਾ ਜਾਂਦੀ, ਸੀਤਲ ਸਭ ਤੋਂ ਪਹਿਲਾਂ ਕਿਰਾਇਆ ਜਮ੍ਹਾਂ ਕਰਵਾ ਦਿੰਦੀ। ਦੋ ਵੇਲੇ ਗੁਰਦੁਵਾਰੇ ਜਾ ਕੇ ਅਰਦਾਸ ਕਰਦੀ,"ਹੇ ਵਾਹਿਗੁਰੂ! ਜੇ ਦਿੱਤੀਆਂ ਨੇ ਤਾਂ ਇਨ੍ਹਾਂ ਲਈ ਬੰਨ ਸੁੱਭ ਵੀ ਕਰ। ਕਿਸੇ ਪਾਸਿਓਂ ਢੋ ਢੁਕੇ ਤਾ ਹੱਥ ਪੀਲੇ ਕਰਾਂ। ਮੈਂ ਸੁਰਖਰੂ ਹੋ ਜਾਵਾਂ"।

ਚਿੰਤਾ ਦੀ ਚਿਖਾ ਵਿਚ ਜਲਦੀ ਰਹਿਣ ਨਾਲ ਸੀਤਲ ਦੇ ਸੁਨੱਖੇ ਚਿਹਰੇ 'ਤੇ ਛਾਹੀਆਂ ਪੈ ਗਈਆਂ ਸਨ। ਅੱਖਾਂ ਦੁਆਲੇ ਕਾਲੇ ਘੇਰੇ ਪੈ ਗਏ ਸਨ। ਫਿਕਰ ਕਿਸੇ ਵੇਲੇ ਵੀ ਉਹਦਾ ਦਿਮਾਗ ਖਾਲੀ ਨਹੀ ਸੀ ਰਹਿਣ ਦਿੰਦਾ। ਉਪਰੋਂ ਉਪਰੋਂ ਆਖ ਦਿੰਦੀ, "ਐਨੇ ਗੁਰਦੁਵਾਰਿਆਂ ਵਿੱਚ ਅਰਦਾਸਾਂ ਕੀਤੀਆਂ। ਰੱਬ ਕਦੇ ਤਾਂ ਸੁਣੇਗਾ ਹੀ। ਮੈਂ ਕਿਹੜੇ ਰੱਬ ਦੇ ਮਾਂਹ ਮਾਰੇ ਆ।"

ਜੋਗਾ ਸਿੰਘ ਤੇ ਸੀਤਲ ਜਦੋਂ ਵੀ ਕਦੀ ਕਿਤੇ ਵਿਆਹ 'ਤੇ ਜਾਂਦੇ ਤਾਂ ਵੱਡੀ ਨੂੰ ਨਾਲ ਲੈ ਕੇ ਜਾਂਦੇ, ਸ਼ਾਇਦ ਉਹ ਕਿਸੇ ਦੀ ਨਿਗਾਹ ਚੜ੍ਹ ਜਾਵੇ। ਜਦੋਂ ਉਹ ਅਜਿਹੇ ਮੌਕੇ 'ਤੇ ਜਾਂਦੇ ਤਾਂ ਦੂਜੀ ਨੂੰ ਨਾਲ ਨਾ ਲਿਜਾਂਦੇ। ਉਹ ਵੱਡੀ ਨਾਲੋਂ ਸੋਹਣੀ ਵੀ ਜ਼ਿਆਦਾ ਸੀ ਤੇ ਲੰਮੀ ਝੰਮੀ ਵੀ ਵੱਧ। ਇੱਕ-ਦੋ ਥਾਵਾਂ ਤੋਂ ਛੋਟੀ ਲਈ ਰਿਸ਼ਤੇ ਆਏ ਵੀ, ਪਰ ਉਨ੍ਹਾਂ ਇਹ ਕਹਿ ਕੇ ਸਿਰ ਫੇਰ ਦਿੱਤਾ ਕਿ ਵੱਡੀ ਤੋਂ ਪਹਿਲਾਂ ਛੋਟੀ ਦਾ ਕਿੱਦਾਂ ਕਰ ਸਕਦੇ ਆਂ? ਫਿਰ ਤਾਂ ਵੱਡੀ ਦੀ ਬਿਲਕੁਲ ਈ ਗੱਲ ਨਹੀਂ ਸੀ ਬਣਨੀ।

ਕੋਈ ਰਿਸ਼ਤੇਦਾਰ ਉਨ੍ਹਾਂ ਦੇ ਘਰ ਆਉਂਦਾ ਤਾਂ ਵੀ ਉਹ ਇਹੋ ਕਹਿੰਦੇ "ਦੇਖਿਓ! ਧਿਆਨ ਰੱਖਿਓ! ਵੱਡੀ ਅਠਾਈ ਪੂਰੇ ਕਰ ਗਈ ਆ। ਫਿਕਰ ਨਾਲ ਹੁਣ ਤਾਂ ਨੀਂਦ ਵੀ ਨਹੀਂ ਆਉਂਦੀ"।

ਸੀਤਲ ਦੀ ਅਰਦਾਸ ਵਰ ਆਈ। ਰਿਸ਼ਤਾ ਤਾਂ ਅਖਬਾਰ ਰਾਹੀਂ ਹੀ ਲੱਭਾ ਸੀ ਪਰ ਪੁੱਛ ਪ੍ਰਤੀਤ ਕਰਨ 'ਤੇ ਦੂਰੋਂ-ਪਾਰੋਂ ਰਿਸ਼ਤੇਦਾਰੀ ਵੀ ਨਿਕਲ ਆਈ। ਦੇਖ-ਦਿਖਾਈ ਕਰਨ ਤੋਂ ਬਾਅਦ ਪੱਕੀ-ਠੱਕੀ ਹੋ ਗਈ। 'ਵਿਆਹ ਵਿਚ ਬਹੁਤਾ ਟਾਈਮ ਨਹੀਂ ਪਾਉਂਣਾ', ਆਪਸ ਵਿਚ ਉਨ੍ਹਾਂ ਨੇ ਸਲਾਹ ਕੀਤੀ ਕਿ ਭਾਵੇਂ ਰਿੰਗ ਸੈਰਮਨੀ 'ਤੇ ਹੀ ਤੋਰ ਦੇਈਏ। 'ਤੂੰ ਤਾਂ ਕਮਲੀ ਐਂ। ਭਲਾ ਇਹ ਤਾਂ ਮੁੰਡੇ ਵਾਲੇ ਕਹਿਣ ਤਾਂ ਕਹਿਣ, ਅਸੀਂ ਤਾਂ ਪੂਰੀ ਤਿਆਰੀ ਵਿਆਹ ਦੀ ਹੀ ਕਰਾਂਗੇ'। ਜੋਗਾ ਸਿੰਘ ਨੇ ਸੋਚਿਆ ਕਿ ਜੇ ਮੈਂ ਐਨਾ ਖੁਸ਼ਕਿਸਮਤ ਹੁੰਦਾ ਤਾਂ ਐਨੀਆਂ ਜੰਮਦੀਆਂ ਹੀ ਕਿਉਂ? ਚਲੋ ਜੇ ਰੱਬ ਨੇ ਭੇਜ ਹੀ ਦਿੱਤੀਆਂ ਤਾਂ ਰਿਸ਼ਤੇ ਲਈ ਤਾਂ ਨਾ ਤਲੀਆਂ ਘਸਾਉਣੀਆਂ ਪੈਂਦੀਆਂ।

ਲੜਕਾ ਖੁਸ਼ ਸੀ ਕਿ ਲੜਕੀ ਉਮਰੋਂ ਤਾਂ ਭਾਵੇਂ ਬਰਾਬਰ ਦੀ ਹੀ ਸੀ, ਕੱਦ ਕਾਠ ਵੀ ਛੋਟਾ ਹੀ ਸੀ ਪਰ ਨੌਕਰੀ ਕਰਦੀ ਕਰਕੇ ਉਨ੍ਹਾਂ ਨੇ ਬਹੁਤੀ ਮੀਨ ਮੇਖ ਨਾ ਕੀਤੀ। ਸਾਹਾ ਬੰਨ੍ਹਿਆ ਗਿਆ। ਸਾਰੀਆਂ ਸਾਈਆਂ ਦੇ ਦਿੱਤੀਆਂ ਗਈਆਂ। ਸੀਤਲ ਨੇ ਕੱਪੜੇ ਗਹਿਣਿਆਂ ਦੀ ਕਾਫੀ ਤਿਆਰੀ ਕਰਕੇ ਹੀ ਰੱਖੀ ਹੋਈ ਸੀ। ਫਿਰ ਵੀ ਧੀ ਤੋਰਨੀ ਕਿਹੜੀ ਸੌਖਾ ਕੰਮ ਐ। ਆਖਰੀ ਦਿਨ ਤੱਕ ਵੀ ਚੀਜ਼ਾਂ-ਵਸਤਾਂ ਪੂਰੀਆਂ ਨਹੀ ਹੁੰਦੀਆਂ। ਕੁਝ ਨਾ ਕੁਝ ਯਾਦ ਆਈ ਹੀ ਜਾਂਦੈ। ਧੁੜਕੂੰ ਵੱਖਰਾ ਲੱਗਿਆ ਰਹਿੰਦਾ ਕਿ ਕੋਈ ਕਮੀ ਪੇਸ਼ੀ ਨਾ ਰਹਿ

ਜਾਵੇ।

ਲੜਕੇ ਵਾਲਿਆਂ ਦਾ ਪੜ੍ਹਿਆ-ਲਿਖਿਆ ਪਰਿਵਾਰ ਸੀ। ਬਰਾਤ ਵੀ ਹਿਸਾਬ ਦੀ ਲਿਆਉਣੀ ਮੰਨ ਗਏ। ਬੀਬੇ ਬੰਦੇ ਸਨ। ਕੁੜੀ ਵਾਲਿਆਂ ਦੀ ਲੰਮੀ ਕਬੀਲਦਾਰੀ ਕਾਰਨ ਰਸਮਾਂ ਵੀ ਸਾਦੀਆਂ ਕਰਨੀਆਂ ਚਾਹੁੰਦੇ ਸਨ। ਸਾਰੇ ਵਿਆਹ ਵਿਚ ਸੀਤਲ ਤੇ ਜੋਗਾ ਸਿੰਘ ਦੇ ਬੁੱਲ੍ਹ ਸੁੱਕੇ ਰਹੇ। ਨੱਠ ਨੱਠ ਕੇ ਸਾਰਾ ਕਾਰਜ ਸਿਰੇ ਲੱਗਾ ਤਾਂ ਉਨ੍ਹਾਂ ਨੂੰ ਜਾਪਿਆ ਕਿ ਚਲੋ ਇਕ ਵਲੋਂ ਤਾਂ ਗੰਗਾ ਨ੍ਹਾਤੇ। ਵਿਆਹ, ਮੁਕਲਾਵਾ ਨਿੱਬੜਿਆ। ਦੋਹਾਂ ਰਿਸ਼ਤੇਦਾਰੀਆਂ ਦੇ ਮੇਲ ਗੇਲ ਵਿਦਾ ਹੋ ਗਏ। ਇਕ ਦੂਜੇ ਦੇ ਘਰੀਂ ਫੇਰੇ ਪੈ ਚੁੱਕੇ ਤਾਂ ਸਭ ਨੂੰ ਸ਼ਾਂਤੀ ਆ ਗਈ। ਮੁੰਡਾ ਤੇ ਕੁੜੀ ਆਪਣੀਆਂ ਨੌਕਰੀਆਂ ਅਤੇ ਛੁੱਟੀ ਮੁਤਾਬਕ ਘੁੰਮ ਫਿਰ ਆਏ।

ਇਕ ਦਿਨ ਦੋਹਾਂ ਨੇ ਛੁੱਟੀ ਵਾਲੇ ਦਿਨ ਆਪਣੀ ਇੱਛਾ ਅਨੁਸਾਰ ਧਾਰਮਿਕ ਸਥਾਨ 'ਤੇ ਜਾਣ ਦੀ ਇੱਛਾ ਦੱਸੀ ਤਾਂ ਘਰਦਿਆਂ ਨੇ ਅਜਿਹੇ ਸ਼ੁੱਭ ਕੰਮ ਲਈ ਰੋਕਣਾ ਠੀਕ ਨਾ ਸਮਝਿਆ। ਸੋ ਚਲੇ ਗਏ। ਕੁਝ ਘੰਟਿਆਂ ਬਾਅਦ ਮੁੰਡਾ ਅਫ਼ਸੋਸੇ ਜਿਹੇ ਮੂੰਹ ਨਾਲ ਡੌਰ-ਭੌਰ ਹੋਇਆ ਘਰ ਆਇਆ ਤਾਂ ਮਾਪਿਆਂ ਨੇ ਫਿਕਰਮੰਦੀ ਤੇ ਹੈਰਾਨੀ ਜ਼ਾਹਿਰ ਕੀਤੀ;" ਕਾਕਾ ਬਹੂ "?

"ਪਤਾ ਨਹੀਂ, ਮੱਥਾ ਟੇਕਣ ਗਈ ਕਿੱਥੇ ਰਹਿ ਗਈ, ਕਿੱਧਰ ਚਲੀ ਗਈ? ਮੈਂ ਦੋ ਘੰਟੇ ਬਹਿ ਕੇ ਮੋਬਾਇਲ ਵੀ ਕਰਦਾ ਰਿਹਾ। ਉਹਦਾ ਫੋਨ ਵੀ ਬੰਦ ਐ"ਮੁੰਡੇ ਨੇ ਲਾਚਾਰੀ ਜਾਹਿਰ ਕੀਤੀ।

ਲੜਕੀ ਦੇ ਮਾਪਿਆਂ 'ਤੇ ਤਾਂ ਜਾਣੋ ਬੰਬ ਡਿਗ ਪਿਆ, ਜਦੋਂ ਉਨ੍ਹਾਂ ਨੂੰ ਇਸ ਘਟਨਾ ਦਾ ਪਤਾ ਲੱਗਾ। ਉਹ ਕਾਰ ਲੈ ਕੇ ਭੱਜੇ ਆਏ । ਡਰਦੇ ਰਿਸ਼ਤੇਦਾਰਾਂ ਨੂੰ ਵੀ ਨਾ ਪੁੱਛਣ। ਕੀ ਕਹਿਣ ਕਿ ਉਨ੍ਹਾਂ ਦੀ ਧੀ ਨੇ ਕੀ ਖੇਹ ਉਡਾਈ ਹੈ? ਬੇਇਜ਼ਤੀ ਤੇ ਨਮੋਸ਼ੀ ਪੱਲੇ ਪਾ ਕੇ ਜਿੱਦਾਂ ਆਏ ਸੀ, ਉੱਦਾਂ ਹੀ ਮੁੜ ਗਏ।

ਕੁਝ ਦਿਨਾਂ ਬਾਅਦ ਜੋਗਾ ਸਿੰਘ ਹੋਰੀਂ ਫਿਰ ਲੜਕੇ ਵਾਲਿਆਂ ਦੇ ਕੋਲ ਗਏ। ਅੱਖਾਂ ਨੀਵੀਆਂ, ਗਲੇ ਸੁੱਕੇ ਹੋਏ, ਬੁੱਲ੍ਹ ਬੰਦ। ਉਨ੍ਹਾਂ ਦੀ ਵੇਦਨਾ ਅੱਖਾਂ ਰਾਹੀਂ ਵਹਿ ਰਹੀ ਸੀ। ਬੇਨਤੀਆਂ 'ਤੇ ਉੱਤਰ ਆਏ। ਆਪਣੀ ਧੀ ਦੀ ਭੁੱਲ ਦੀਆਂ ਮਾਫੀਆਂ ਮੰਗਣ ਲੱਗੇ। ਉਨ੍ਹਾਂ ਨੂੰ ਦਿੱਤੇ ਦੁੱਖ ਲਈ ਵੀ ਆਪਣੀਆਂ ਝੋਲੀਆਂ ਅੱਡ ਲਈਆਂ।

ਜੋਗਾ ਸਿੰਘ ਨੇ ਮਿੰਨਤ ਕੀਤੀ, " ਦੇਖੋ ਸਰਦਾਰ ਜੀ! ਮੈਂ ਹੀ ਕੋਈ ਪਾਪ ਕੀਤੇ ਸੀ ਜਿਨ੍ਹਾਂ ਦੀ ਸਜ਼ਾ ਤੁਹਾਨੂੰ ਭੁਗਤਣੀ ਪੈ ਗਈ। ਜੇ ਤੁਸੀਂ ਕਾਕੇ ਨੂੰ ਪੁੱਛ ਲਓ ਤਾਂ ਛੋਟੀ ਨੂੰ......." । ਦੁੱਖ ਨਾਲ ਭਰਿਆ ਲੜਕੇ ਦਾ ਬਾਪ ਗਰਜਿਆ, "ਤੁਸੀ ਕੋਈ ਅਗਲਾ ਪਿਛਲਾ ਬਦਲਾ ਲਿਆ। ਮੈਂ ਕਿਤੇ ਮੂੰਹ ਦਿਖਾਉਣ ਜੋਗਾ ਨਹੀਂ ਰਿਹਾ।.......ਖਬਰਦਾਰ! ਮਾੜੀਆਂ ਜਿਣਸਾਂ ਵਾਲਿਓ, ਇਕ ਵੀ ਗੱਲ ਮੂੰਹੋ ਕੱਢੀ ਤਾਂ? ਇਹ ਕੋਈ ਸੌਦਾ ਕਿ ਇਕ ਵੱਟੇ ਦੂਈ ਲੈ ਲਓ ?"

# ਅਮਰੀਕਾ ਵਿੱਚ ਸੈਣੀ ਪਰਿਵਾਰ ਦੀ ਨਿਰਮਮ ਹੱਤਿਆ

ਪੰਜਾਬ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਹਰਸੀ ਦੇ ਢੇਰੀ ਗੋਤ ਦੇ ਸੈਣੀ ਪਰਿਵਾਰ ਦੇ ਚਾਰ ਜੀਅ ਜੋ ਅਮਰੀਕਾ ਦੇ ਸ਼ਹਿਰ ਮਰਸਿਡ ਵਿਖੇ ਰਹਿੰਦੇ ਸਨ, ਦੀ ਇੱਕ ਹਤਿਆਰੇ ਨੇ ਅਕਤੂਬਰ ਦੇ ਪਹਿਲੇ ਹਫਤੇ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ। ਇਨ੍ਹਾਂ ਵਿੱਚ ਜਸਦੀਪ ਸਿੰਘ(36ਸਾਲ), ਜਸਲੀਨ ਕੌਰ(27 ਸਾਲ), ਅਰੂਹੀ ਢੇਰੀ(8 ਮਹੀਨੇ) ਅਤੇ ਉਸ ਦਾ ਤਾਇਆ ਅਮਨਦੀਪ ਸਿੰਘ(39 ਸਾਲ) ਸ਼ਾਮਿਲ ਹਨ। ਇਹ ਪਰਿਵਾਰ 'ਯੂਨੀਸਨ ਟਰੱਕਿੰਗ ਕੰਪਨੀ' ਚਲਾਉਂਦਾ ਸੀ ਅਤੇ ਹੁਣੇ ਹੀ ਉਨ੍ਹਾਂ ਨੇ ਇੱਕ ਪਾਰਕਿੰਗ ਲਾਟ ਵਿੱਚ ਕੰਪਨੀ ਦਾ ਦਫ਼ਤਰ ਖੋਲ੍ਹਿਆ ਸੀ। ਪਤਾ ਲੱਗਾ ਹੈ ਕਿ ਹਤਿਆਰਾ ਜੀਸਸ ਮੈਨੂਅਲ ਸੈਲਗਾਡੋ ਪਹਿਲਾਂ ਇਸ ਪਰਿਵਾਰ ਦੀ ਕੰਪਨੀ ਦਾ ਟਰੱਕ ਚਲਾਉਂਦਾ ਸੀ ਪਰ ਫਿਰ ਉਸ ਦਾ ਪਰਿਵਾਰ ਨਾਲ ਕੋਈ ਝਗੜਾ ਹੋ ਗਿਆ ਜਿਸ ਕਾਰਨ ਨੌਕਰੀ ਤੋਂ ਹਟਾ ਦਿੱਤਾ ਗਿਆ ਸੀ। ਉਸ ਸਮੇਂ ਤੋਂ ਹੀ ਮੁਲਜ਼ਮ ਦਾ ਪਰਿਵਾਰ ਨਾਲ ਝਗੜਾ ਚੱਲ ਰਿਹਾ ਸੀ। ਉਹ ਪਹਿਲਾਂ ਵੀ ਕਿਸੇ ਹੋਰ ਧੋਖਾਧੜੀ ਦੇ ਕੇਸ ਵਿੱਚ 11 ਸਾਲ ਦੀ ਸਜ਼ਾ ਭੁਗਤ ਕੇ ਸੰਨ 2015 ਵਿੱਚ ਜੇਲ੍ਹ ਤੋਂ ਛੁੱਟ ਕੇ ਆਇਆ ਸੀ। ਕਾਤਲ ਨੇ ਇਨ੍ਹਾਂ ਚਾਰਾਂ ਨੂੰ ਟਰਕਿੰਗ ਦਫ਼ਤਰ ਤੋਂ ਅਗਵਾ ਕਰਕੇ ਪਿੱਛੋਂ ਕਤਲ ਕਰ ਦਿੱਤਾ ਅਤੇ ਇਨ੍ਹਾਂ ਦੀਆਂ ਲਾਸ਼ਾਂ ਇਕ ਬਾਗ ਵਿੱਚ ਸੁੱਟ ਦਿੱਤੀਆਂ।

ਮਿਹਨਤ ਤੇ ਸਿਆਣਪ ਨਾਲ ਆਪਣੀ ਜੀਵਿਕਾ ਕਮਾਉਂਦੇ ਇਨ੍ਹਾਂ ਬੇਕਸੂਰ ਪੰਜਾਬੀਆਂ ਦੀ ਹੱਤਿਆ ਨੇ ਸਮੂਹ ਭਾਈਚਾਰੇ ਨੂੰ ਹਿਲਾ ਦਿੱਤਾ ਹੈ। ਇਸ ਕਰੂਰ ਹੱਤਿਆ ਦੀ ਜਿੰਨੀ ਵੀ ਨਿੰਦਿਆ ਹੋਵੇ ਉਹ ਥੋੜ੍ਹੀ ਹੈ। ਸੈਣੀ ਭਵਨ ਰੂਪਨਗਰ ਦੇ ਸਮੂਹ ਪ੍ਰਬੰਧਕੀ ਮੈਂਬਰ ਇਸ ਦੁਖਦਾਈ ਘਟਨਾ ਦੀ ਨਿਖੇਧੀ ਕਰਦੇ ਹਨ।

❊ ❊ ❊ ❊ ❊

# ਸ਼ਰਧਾਂਜਲੀ



ਰੂਪਨਗਰ ਸ਼ਹਿਰ ਦੇ ਪਾਸ ਪਿੰਡ ਪਪਰਾਲਾ ਦੇ ਸ.ਹਾਕਮ ਸਿੰਘ ਜੀ 23 ਦਸੰਬਰ,2022 ਨੂੰ ਅਕਾਲਚਲਾਣਾ ਕਰ ਗਏ ਹਨ। ਆਪ ਇਸ ਇਲਾਕੇ ਦੇ ਨਾਮਵਰ ਪਰਿਵਾਰ ਦੇ ਮੋਢੀ ਸਨ। ਆਪ ਦਾ ਵੱਡਾ ਬੇਟਾ ਪਿੰਡ ਦਾ ਨੰਬਰਦਾਰ ਹੈ ਅਤੇ ਲੋਕਾਂ ਦੀ ਨਿਸ਼ਕਾਮ ਸੇਵਾ ਕਰ ਰਿਹਾ ਹੈ। ਉਹ ਸੈਣੀ ਭਵਨ ਦਾ ਆਜੀਵਨ ਮੈਂਬਰ ਹੈ। ਦੋ ਛੋਟੇ ਬੇਟੇ ਪਿੰਡ ਵਿੱਚ 'ਗੁਰੂ ਨਾਨਕ ਕਰਿਆਨਾ ਸਟੋਰ ' ਚਲਾ ਰਹੇ ਹਨ। ਇਹ ਪਰਿਵਾਰ ਸੈਣੀ ਭਵਨ ਰੂਪਨਗਰ ਦੀ ਹਰ ਸਰਗਰਮੀ ਵਿੱਚ ਵਿਤੀ ਯੋਗਦਾਨ ਪਾਉਂਦਾ ਹੈ। ਸੈਣੀ ਭਵਨ ਦੇ ਪ੍ਰਬੰਧਕ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦਿਆਂ ਅਰਦਾਸ ਕਰਦੇ ਹਨ ਕਿ ਪਰਮਾਤਮਾ ਸ. ਹਾਕਮ ਸਿੰਘ ਜੀ ਦੀ ਵਿਛੜੀ ਆਤਮਾ ਨੂੰ ਸ਼ਾਂਤੀ ਬਖਸ਼ੇ।



# ਵਿਦਿਆਰਥੀਆਂ ਦੇ ਚੋਣਵੇਂ ਮੁਕਾਬਲਾ ਭਾਸ਼ਣ

ਗੁਰਮੁਖ ਸਿੰਘ ਲੌਂਗੀਆ

ਸੈਣੀ ਭਵਨ ਵਿਖੇ 8 ਅਕਤੂਬਰ, 2022 ਨੂੰ ਵਿਦਿਆਰਥੀਆਂ ਦੀ ਭਾਸ਼ਣ ਸਾਲਾਨਾ ਪ੍ਰਤਿਯੋਗਤਾ ਕਰਵਾਈ ਗਈ ਸੀ। ਇਸ ਦੀ ਜੂਨੀਅਰ ਕੈਟਾਗਰੀ (ਪੰਜਾਬੀ) ਅਤੇ ਸੀਨੀਅਰ ਕੈਟਾਗਰੀ(ਅੰਗਰੇਜ਼ੀ) ਵਿੱਚ ਪਹਿਲੇ ਸਥਾਨਾਂ 'ਤੇ ਆਏ ਭਾਸ਼ਣਾਂ ਨੂੰ ਇੱਥੇ ਛਾਪਿਆ ਜਾ ਰਿਹਾ ਹੈ।

## ਜੂਨੀਅਰ ਕੈਟਾਗਰੀ

ਵਿਸ਼ਾ-ਵਿਦਿਆਰਥੀ ਜੀਵਨ ਵਿੱਚ ਖੇਡਾਂ ਦੀ ਮਹੱਤਤਾ

**ਵਕਤਾ-ਮਨਜੋਤ ਕੌਰ**



ਨੈਸ਼ਨਲ ਪਬਲਿਕ ਸਕੂਲ ਕੁਰਾਲੀ

"ਨਚਣੁ ਕੁਦਣੁ ਮਨ ਕਾ ਚਾਉ।
ਨਾਨਕ ਜਿਨ੍ਹ ਮਨਿ ਭਉ ਤਿਨ੍ਹਾ ਮਨਿ ਭਾਉ ॥"

ਖੇਡਾਂ ਮਨੁੱਖੀ ਜੀਵਨ ਦਾ ਇੱਕ ਜ਼ਰੂਰੀ ਅੰਗ ਹਨ। ਜਿਵੇਂ ਮਨੁੱਖ ਦੇ ਜਿਉਣ ਲਈ ਹਵਾ, ਪਾਣੀ ਅਤੇ ਖੁਰਾਕ ਦੀ ਲੋੜ ਹੁੰਦੀ ਹੈ ਉਸੇ ਤਰ੍ਹਾਂ ਸਰੀਰ ਦੀ ਅਰੋਗਤਾ ਲਈ ਖੇਡਾਂ ਦੀ ਜ਼ਰੂਰਤ ਹੁੰਦੀ ਹੈ। ਪੁਰਾਣੇ ਜ਼ਮਾਨੇ ਵਿੱਚ ਰੋਜ਼ਮਰਾ ਦੀ ਜ਼ਿੰਦਗੀ ਨੂੰ ਬਤੀਤ ਕਰਨ ਲਈ ਮਨੁੱਖ ਆਪਣੇ ਖਾਣ ਲਈ ਸ਼ਿਕਾਰ ਕਰਦਾ ਸੀ, ਰੁੱਖਾਂ 'ਤੇ ਚੜ੍ਹਦਾ ਸੀ ਅਤੇ ਦਰਿਆਵਾਂ ਵਿੱਚੋਂ ਮੱਛੀਆਂ ਫੜ ਕੇ ਆਪਣੀ ਭੁੱਖ ਪੂਰੀ ਕਰਦਾ ਸੀ। ਇਨ੍ਹਾਂ ਰੋਜ਼ਾਨਾ ਦੀਆਂ ਗਤੀਵਿਧੀਆਂ ਨਾਲ ਉਹ ਆਪਣੇ ਆਪ ਨੂੰ ਮਾਨਸਿਕ ਅਤੇ ਸਰੀਰਿਕ ਤੌਰ 'ਤੇ ਤੰਦਰੁਸਤ ਰੱਖਦਾ ਸੀ । ਹੌਲੀ-ਹੌਲੀ ਸਮਾਂ ਬੀਤਦਾ ਗਿਆ ਅਤੇ ਮਨੁੱਖ ਨੇ ਸਰੀਰਿਕ ਗਤੀਵਿਧੀਆਂ 'ਤੇ ਗੌਰ ਕਰਨਾ ਘਟਾ ਦਿੱਤਾ। ਆਧੁਨਿਕ ਯੁੱਗ ਵਿੱਚ ਮਨੁੱਖ ਨੇ ਮਸ਼ੀਨਾਂ ਦੀ ਵਰਤੋਂ ਕਾਰਨ ਸਰੀਰਿਕ ਗਤੀਵਿਧੀਆਂ ਘਟਾ ਦਿੱਤੀਆਂ, ਜਿਸ ਨਾਲ ਮਨੁੱਖ ਦੇ ਸਰੀਰ ਵਿੱਚ ਅਣਗਿਣਤ ਤਰ੍ਹਾਂ ਦੀਆਂ ਬਿਮਾਰੀਆਂ ਨੇ ਵਾਸ ਕਰਨਾ ਸ਼ੁਰੂ ਕਰ ਦਿੱਤਾ। ਪਰ ਉਸ ਤੋਂ ਬਾਅਦ ਜਦੋਂ ਇਹ ਸਮੱਸਿਆ ਵੱਡੀ ਹੋ ਗਈ ਤਾਂ ਸਰੀਰਿਕ ਸਿੱਖਿਆ ਦੇ ਬੁੱਧੀਜੀਵੀ ਵਿਅਕਤੀਆਂ ਨੇ ਖੇਡਾਂ ਅਤੇ ਸਰੀਰਿਕ ਗਤੀਵਿਧੀਆਂ ਦੇ ਮਹੱਤਵ ਨੂੰ ਸਮਝਾਉਣ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਅਜੋਕੇ ਸਮੇਂ ਵਿੱਚ ਕੰਮਾਂ ਦੀ ਭੱਜਦੌੜ ਵਿੱਚ ਅਤੇ ਆਪਣੀ ਜ਼ਿੰਦਗੀ ਨੂੰ ਸੌਖਾਲਾ ਬਣਾਉਣ ਲਈ ਅਸੀਂ ਜਿਹੜੇ ਸਾਧਨਾਂ ਦਾ ਉਪਯੋਗ ਕਰਦੇ ਹਾਂ ਉਹ ਸਾਡੀ ਸਿਹਤ ਲਈ ਹਾਨੀਕਾਰਕ ਸਿੱਧ ਹੋ ਰਹੇ ਹਨ। ਇਸ ਲਈ ਸਾਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਖੇਡਾਂ ਨੂੰ ਅਪਣਾਉਣਾ ਚਾਹੀਦਾ ਹੈ ।

ਸਰੀਰਿਕ ਕਿਰਿਆਵਾਂ ਹਰ ਇੱਕ ਮਨੁੱਖ ਲਈ ਚੰਗਾ ਜੀਵਨ ਬਤੀਤ ਕਰਨ ਲਈ ਇੱਕ ਲੋੜੀਂਦੀ ਜ਼ਰੂਰਤ ਹੈ। ਪਰ ਜੇਕਰ ਅਸੀਂ ਵਿਦਿਆਰਥੀ ਜੀਵਨ ਦੀ ਗੱਲ ਕਰੀਏ ਤਾਂ ਖੇਡਾਂ ਇੱਕ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਜਦੋਂ ਇੱਕ ਬੱਚਾ ਜਨਮ ਲੈਂਦਾ ਹੈ ਤਾਂ ਉਹ ਸਰੀਰਿਕ ਗਤੀਵਿਧੀਆਂ ਜਿਵੇਂ ਕਿ ਰੋਣਾ, ਹੱਥ ਪੈਰ ਮਾਰਨੇ, ਰੁੜ੍ਹਨਾ, ਚੱਲਣਾ ਆਦਿ ਸ਼ੁਰੂ ਕਰ ਦਿੰਦਾ ਹੈ ਅਤੇ ਸਾਰੀ ਹੀ ਉਮਰ ਇਨ੍ਹਾਂ ਗਤੀਵਿਧੀਆਂ ਨੂੰ ਜਾਰੀ ਰੱਖਦਾ ਹੈ। ਸ਼ਿਸ਼ੂ ਕਾਲ ਤੋਂ ਲੈ ਕੇ ਕਿਸ਼ੋਰ ਅਵਸਥਾ ਤੱਕ ਸਾਡੇ ਸਰੀਰ ਵਿੱਚ ਸਮਾਜਿਕ, ਸਰੀਰਕ, ਮਾਨਸਿਕ ਅਤੇ ਭਾਵਨਾਤਮਿਕ ਵਿਕਾਸ ਸੱਭ ਤੋਂ ਵੱਧ ਹੁੰਦਾ ਹੈ। ਖੇਡਾਂ ਇੱਕ ਅਜਿਹਾ ਜ਼ਰੀਆ ਹਨ ਜਿਸ ਨਾਲ ਇਨ੍ਹਾਂ ਵਿਕਾਸਾਂ ਤੇ ਸਭ ਤੋਂ ਵੱਧ ਅਸਰ ਪੈਂਦਾ ਹੈ। ਜਦੋਂ ਕੋਈ ਵਿਦਿਆਰਥੀ ਖੇਡਾਂ ਵਿੱਚ ਹਿੱਸਾ ਲੈਂਦਾ ਹੈ ਤਾਂ ਉਸ ਵਿੱਚ ਜਿੱਤ ਅਤੇ ਹਾਰ ਨੂੰ ਸਹਿਣ ਕਰਨ ਦੀ ਸ਼ਕਤੀ ਆਉਂਦੀ ਹੈ, ਭਾਵ ਕਿ ਉਨ੍ਹਾਂ ਦੀ ਸਹਿਣ ਸ਼ਕਤੀ ਵਿੱਚ ਵਾਧਾ ਹੁੰਦਾ ਹੈ। ਜਦੋਂ ਕੋਈ ਵਿਦਿਆਰਥੀ ਕਿਸੇ ਟੀਮ ਦਾ ਕਪਤਾਨ ਹੋਣ ਦੀ ਭੂਮਿਕਾ ਨਿਭਾਉਂਦਾ ਹੈ, ਤਾਂ ਉਸ ਨੂੰ ਮੌਕੇ ਦੇ ਹਾਲਾਤਾਂ ਅਨੁਸਾਰ ਕਈ ਤਰ੍ਹਾਂ ਦੇ ਫੈਸਲੇ ਲੈਣੇ ਪੈਂਦੇ ਹਨ, ਜਿਸ ਨਾਲ ਉਸ ਵਿੱਚ ਲੀਡਰਸ਼ਿਪ ਦੀ ਭਾਵਨਾ ਪੈਦਾ ਹੁੰਦੀ ਹੈ।

ਖੇਡਾਂ ਨਾਲ ਪੁਨਰਸ਼ਕਤੀ ਦਾ ਵਿਕਾਸ ਹੁੰਦਾ ਹੈ ਭਾਵ ਕਿ ਖੇਡਾਂ ਸਾਡੇ ਮਨੋਰੰਜਨ ਦਾ ਬਹੁਤ ਵਧੀਆਂ ਸਾਧਨ ਹਨ। ਖੇਡਾਂ ਖੇਡਣ ਨਾਲ ਸਾਡੇ ਸਰੀਰ ਵਿੱਚ ਪੁਨਰਸ਼ਕਤੀ, ਗਤੀ, ਲਚਕ, ਤਾਕਤ, ਸਹਿਣਸ਼ੀਲਤਾ, ਮਾਸਪੇਸ਼ੀਆਂ ਅਤੇ ਦਿਮਾਗ ਦੇ ਤਾਲਮੇਲ ਵਿੱਚ ਵਾਧਾ ਹੁੰਦਾ ਹੈ। ਜਦੋਂ ਅਸੀਂ ਖੇਡਾਂ ਵਿੱਚ ਹਿੱਸਾ ਲੈਂਦੇ ਹਾਂ ਤਾਂ ਸਾਡੀਆਂ ਵੱਖ ਵੱਖ ਪ੍ਰਣਾਲੀਆਂ ਜਿਵੇਂ ਕਿ ਲਹੂਗੇੜ, ਸਾਹ, ਪਾਚਣ, ਸਰੀਰਿਕ ਰਚਨਾ, ਸਰੀਰਿਕ ਕਿਰਿਆ ਅਤੇ ਹੋਰ ਪ੍ਰਣਾਲੀਆਂ ਸਹੀ ਕੰਮ ਕਰਨ ਦੇ ਯੋਗ ਬਣਦੀਆਂ ਹਨ ।

ਅਜੋਕੇ ਸਮੇਂ ਵਿੱਚ ਵਿੱਦਿਆਰਥੀ ਆਪਣੇ ਵਾਧੂ ਸਮੇਂ ਵਿੱਚ ਮੋਬਾਇਲ ਚਲਾਉਂਦੇ ਹਨ, ਟੀ.ਵੀ.ਦੇਖਦੇ ਹਨ ਅਤੇ ਆਲਸ ਨਾਲ ਭਰੇ ਰਹਿੰਦੇ ਹਨ। ਉਹ ਆਪਣੇ ਵਾਧੂ ਸਮੇਂ ਨੂੰ ਖੇਡਾਂ ਰਾਹੀਂ ਯੋਗ ਵਰਤੋਂ ਵਿੱਚ ਲਿਆ ਸਕਦੇ ਹਨ। ਮੋਬਾਇਲ ਚਲਾਉਣ ਨਾਲੋਂ ਜਾਂ ਆਲਸ ਨਾਲ ਭਰੇ ਰਹਿਣ ਤੋਂ ਚੰਗਾ ਹੈ ਖੁੱਲ੍ਹੇ ਮੈਦਾਨ ਵਿੱਚ ਜਾ ਕੇ ਖੇਡਾਂ ਖੇਡੀਆਂ ਜਾਣ ਅਤੇ ਆਪਣੇ ਸਰੀਰ ਨੂੰ ਬਿਮਾਰੀਆਂ ਤੋਂ ਦੂਰ ਰੱਖਿਆ ਜਾਵੇ ।

ਅੱਜ ਦੇ ਸਮੇਂ ਵਿੱਚ ਸਿਰਫ਼ ਮੁੰਡੇ ਹੀ ਨਹੀਂ, ਕੁੜੀਆਂ ਵੀ ਖੇਡਾਂ ਵਿੱਚ ਵਧਚੜ੍ਹ ਕੇ ਹਿੱਸਾ ਲੈਂਦੀਆਂ ਹਨ ।ਕਈ ਖਿਡਾਰਨਾਂ ਜਿਵੇਂ -ਮੈਰੀ ਕੌਮ, ਪੀ. ਟੀ.ਊਸ਼ਾ, ਸਾਨੀਆ ਮਿਰਜ਼ਾ ਆਦਿ ਨੇ ਖੇਡਾਂ ਰਾਹੀਂ ਇੱਕ ਵੱਖਰੀ ਪਹਿਚਾਣ ਬਣਾਈ ਹੈ। ਇਸ ਨਾਲ ਮੁੰਡੇ ਅਤੇ ਕੁੜੀਆਂ ਵਿੱਚ ਹੁੰਦਾ ਭੇਦ-ਭਾਵ ਘੱਟ ਗਿਆ ਹੈ । ਭਾਰਤ ਸਰਕਾਰ ਨੇ ਅਜਿਹੇ

ਬਹੁਤ ਕਦਮ ਚੁੱਕੇ ਹਨ ਜਿਸ ਨਾਲ ਨੌਜਵਾਨਾਂ ਅਤੇ ਵਿਦਿਆਰਥੀਆਂ ਵਿੱਚ ਖੇਡਾਂ ਪ੍ਰਤੀ ਜਾਗਰੂਕਤਾ ਪੈਦਾ ਹੁੰਦੀ ਹੈ। 2018 ਵਿੱਚ ਭਾਰਤ ਦੇ ਖੇਡ ਮੰਤਰੀ ਰਾਜਵਰਧਨ ਸਿੰਘ ਰਾਠੌਰ ਨੇ 'ਖੇਡੋ ਇੰਡੀਆ' ਮੁਹਿੰਮ ਸ਼ੁਰੂ ਕੀਤੀ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਖੇਡਾਂ ਵਿੱਚ ਹਿੱਸਾ ਲੈ ਸਕਣ ।

ਮੈਂ ਆਸ ਕਰਦੀ ਹਾਂ ਇਸ ਜਾਣਕਾਰੀ ਨਾਲ ਵਿਦਿਆਰਥੀ ਖੇਡਾਂ ਦੀ ਮਹੱਤਤਾ ਨੂੰ ਸਮਝਣਗੇ ਅਤੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿੱਚ ਆਪਣਾਉਣਗੇ। ਖੇਡਾਂ ਸਾਡੇ ਜੀਵਨ ਲਈ ਬਹੁਤ ਜ਼ਰੂਰੀ ਹਨ। ਸਾਨੂੰ ਆਪਣੀ ਤੰਦਰੁਸਤੀ ਲਈ ਖੇਡਾਂ ਖੇਡਣੀਆਂ ਚਾਹੀਦੀਆਂ ਹਨ । "ਜਜ਼ਬਾ ਰੱਖੋ ਹਰ ਪਲ ਜਿੱਤਣ ਦਾ, ਕਿਉਂਕਿ ਕਿਸਮਤ ਬਦਲੇ ਨਾ ਬਦਲੇ, ਪਰ ਵਕਤ ਜ਼ਰੂਰ ਬਦਲਦਾ ਹੈ ।"

## Senior Category



**Speaker - Ananya Sharma,**

St.carmel School, Katli (Ropar)

Topic- The politicalization of investigation Agencies and its impact on democratic setup of India.

"Truth is suppressed not to protect people from enemies But to protect government of the day from people"

The main aim of Investigation Agencies was to keep an eye on the terrorist activities, provide justice to all the citizens and assistance to the police forces across the country. But these agencies are being criticized. In 2013, the Supreme Court of India during the 'Coal Field Scam' have marked the words 'A caged parrot that speaks in its master's voice'. Now the biggest question that arises here is that CBI really a parrot inside the cage.

From 2015, a chain of states including Punjab have drawn their General consent out from CBI. The article '6a of DSPE' states that the permission of state as well as central government is required prior to any investigation. This is the politicization that acts like a cage over these investigation agencies. I believe that the politicization is nothing more than a black spot on the Democratic setup of India. We have many examples to prove the same.

The controversy between Ms. Mamta Banarjee and CBI on 'Narda Scam' indicates the receding authority of these agencies. Throughout the year we came across various scams. So can I say that I live in a country where Nirav Modi, Lalit Modi and Vijay Malya are not behind the bars but have crossed the borders. I think that each one of you will agree with me that the basic expectation that a layman have from these investigation agencies is a hope for justice.

Let me tell you about some black spots on the justice delivery system of India. In a high profile Sushant Singh Rajput's case, no proper justice is provided till date. In Nirbhaya's case the justice was provided but after 8 years. In the words of Legal maxim "A justice delayed is a justice denied". So how can we expect for justice in India.

Let me talk about Enforcement Directorate i.e.E.D. It is being criticized and called a 'Vendetta tool' or a puppet in hands of government . The number of raids recorded so far by E.D. from 2004 to 2014 were 112 raids. This number have increased from 2014-2022, the number of raids conducted were 3010 raids. This is one side of the coin. The other side of the coin indicates that all these raids were on the opposition party leaders. This clearly indicates the politicization.

Now, the biggest point to be noted is that we live in a country India where Democracy is having a value itself, which should be preserved. That's why, I want to conclude by saying that these agencies should be made an autonomous body answerable only to the parliament, otherwise it will be hazardous for the justice delivery system of a country because I wish to live in a country where if any individual knocks the doors of these agencies than 100% of justice should be granted to him/her.



# Saini Charitable Education Trust (Regd.) Ropar

## List of awardees (2022 -2023)

Compiled by
Amarjeet Singh
Saini Bhawan, Rupnagar

| No. | Name of Beneficiary | Class | Name of Institution | Amount Rs.pa |
|---|---|---|---|---|
| 1 | Kiranpreet Singh | Ph.D | SGGSWUni.FatehgarhSahib | 10,000/- |
| 2 | Mehtab | B.Sc.1st yearBiochem.. | ASBASJSM College Bela | 9,000/- |
| 3 | Simranjeet Kaur | B.Sc. 3rd year | -Do- | 6,000/- |
| 4 | Nancy Gupta | B.Sc. 3rd year | Govt. College Rupnagar | 7,000/- |
| 5 | Simranpreet Kaur | B.Sc. 3rd year | Govt. College Rupnagar | 6,000/- |
| 6 | Sukhpreet Kaur | B.Sc. (Hon.)Nursing 4th y | A. Ind. Inst. of Med Sc , Rishikesh | 6,000/- |
| 7 | Sukhvinder Singh | B. Sc. (C.S.) 3rd year | ASBASJSM CollegeBela | 5,000/- |
| 8 | Talwinder Kaur | M.A.2nd Year Pol.Sci | Govt. CollegeRupnagar | 5,000/- |
| 9 | Ramanpreet Kaur | M.Sc 2nd year | ASBASJSM CollegeBela | 8,000/- |
| 10 | Ramandeep kaur | M.Sc.Math 2nd year | Govt. College , Mohali | 8,000/- |
| 11 | Sonika | B.Ed Sem 3rd year | Ambika College of Education Kharar | 6,000/- |
| 12 | Manpreet Kaur | B.Ed.1st Sem | Pine Grove College of Edu. | 6,000/- |
| 13 | Anmolpreet Kaur | B.A. 3rd year | Govt.College,Rupnagar | 6,000/- |
| 14 | Harpreet Kaur | B.A. 2nd Year | -Do- | 6,000/- |
| 15 | Simranjeet Singh | B.A. 3rd Year | -DO- | 6,000/- |
| 16 | Sanjeev kumar | B.A.2nd Year | -Do- | 6,000/- |
| 17 | Gurpeet Kaur | B.A.2nd year | -Do- | 6,000/- |
| 18 | Gurwinder Singh | B.Com 2nd Year | ASBASJSM CollegeBela | 6,000/- |
| 19 | Harmanpreet kaur | B.A.3rd year | Govt.College,Rupnagar | 6,000/- |
| 20 | Princepal Singh | B.Com 3rd Year | Govt. Degr. Coll. Nalagarh | 6,000/- |
| 21 | Harmanpreet Kaur | B.Sc. 2nd Year | ASBASJSM Bela | 6,000/- |
| 22 | Gursimran kaur | B.Sc.(Medical)2nd ye. | B. S. K. kh.Col.ChamkaurSa. | 6,000/- |
| 23 | Amanjot kaur | B.Ed. 3rd Sem. | Pine Grav C.of Ed.BassiPathanan | 6,000/- |
| 24 | Charanjeet Singh | B.Pharmacy 3rdSem | ASBASJSM Bela | 6,000/- |
| 25 | Karanveer Singh | B.C.A 2nd Year | Govt.College Rupnagar | 6,000/- |
| 26 | Harshpreet kaur | B.C.A 1st year | B. S. K. Kh.co, Chamkaur Sahib | 6,000/- |
| 27 | Jasvir Singh | B.C.A 5th Sem | Govt.College Rupnagar | 5,000/- |
| 28 | Jaspreet kaur | B.C.A. 1st year | I.E.T Bhaddal | 5,000/- |
| 29 | Jasleen Kaur Longia | B.Sc.Bio.Tech3rdYear | ASBASJSM Bela | 5,000/- |
| 30 | Jasleen Kaur | B.C.A.1st year | Kh. Co. Sri Anandpur Sahib | 5,000/- |

| | | | | |
|---|---|---|---|---|
| 31 | Jashandeep kaur | B.Sc 1st year | -Do- | 5,000/- |
| 32 | Simranjeet Kaur | B.Com. 2nd Year | Govt.College ,Rupnagar | 5,000/- |
| 33 | Simranjeet Kaur | B.A. 2nd Year | Govt.College,Rupnagar | 5,000/- |
| 34 | Harshpreet Kaur | B.A 1st year | Punjab Uni. Chandigarh | 5,000/- |
| 35 | Tamanna | B.com, 1st year | Govt.college ,Rupnagar | 5,000/- |
| 36 | Bhumoka | B.A. 3rd year | -Do- | 5,000/- |
| 37 | Harjot Singh | B.A 1st year | Govt.College ,Rupnagar | 5,000/- |
| 38 | Simranjeet Kaur | B.Sc. MLS 3rd year | Saraswati Grou colleges Gharuna | 5,000/- |
| 39 | Taranpreet Kaur | B.Sc. Medical 3rd year | MCM-DAV col. Sec 36 , Chd | 5,000/- |
| 40 | Amanpreet Singh | B.Voc Food Pro 2 ndYe | ASBASJSM college Bela | 5,000/- |
| 41 | Kirandeep Kaur | BCA 2nd year | B. S. K. Kh.Co. Chamkaur Sa | 5,000/- |
| 42 | Satnam Singh | B.Sc 2nd year | Govt. college,Rupnagar | 5,000/- |
| 43 | Gurjot Kaur | B.Sc.Arti. intelligence | Kh. Col, Sri Anandpur Sahib | 5,000/- |
| 44 | Rinki Kumari | B.A 3rd Year | Govt.College Rupnagar | 5,000/- |
| 45 | Amandeep Kumar | B.Sc. 1st ye Bio. tech | ASBASJSM CollegeBela | 5,000/- |
| 46 | Shivdeep Singh | B.Com. 1st year | -Do- | 5,000/- |
| 47 | Arshpreet Kaur | B.com 2nd year | Govt. CollegeRupnagar | 5,000/- |
| 48 | Jitender | Ph.D (Mech) | IIT Ropar | 9,000/- |
| 49 | Anmol Singh | B.Sc, 2nd Sem | Govt. collegeRupnagar | 5,000/- |
| 50 | Kamaljeet Kaur | B.Sc. 2nd Sem | -Do- | 5,000/- |
| 51 | Yatan Kumar | BCA 3rd Year | Govt. College , Rupnagar | 5,000/- |
| 52 | Pajmeet Kaur | M.Sc Botany | SGGSW uni.Fatehgarh Sah. | 6,000/- |
| 53 | Kulwinder Kaur | M.Sc. 2nd sem | ASBASJS College Bela | 6,000/- |
| 54 | Maninder Preet Kaur | M.Sc. Math | ASBASJS College Bela | 6,000/- |
| 55 | Chandan Saini | MBBS | Govt. Medical College Patiala | 9,000/- |
| 56 | Ashamjot Kaur | BA 1st year | Govt. CollegeRupnagar | 10,000/- |
| 57 | Vishal Saini | M.Sc. 2nd Year | GNDU Amritsar | 7,000/- |
| 58 | Arashdeep Kaur | M.Sc. I.T | ASBASJSM CollegeBela | 7,000/- |
| 59 | Jasleel Kaur | M.Sc. 2nd year | SGTB Kh. Sri AnandpurSa. | 7,000/- |
| 60 | Simranjeet Kaur | M.Sc. Math 3rd Sem | ASBASJSM CollegeBela | 7,000/- |
| 61 | Amandeep Singh | M.Com 2nd | -do- | 7,000/- |
| 62 | Arshpreet Singh | M.Sc Chemistry | SGTB Kh. Sri Anandpur Sa. | 7,000/- |
| 63 | Pawanpreet Kaur | M.Com 1st Sem | Punjabi Uni. Patiala | 7,000/- |
| 64 | Inderpal Singh | B.Tec 2nd Y Food Pro. | SGGSW Uni. Fatehgarh Sah | 7,000/- |
| 65 | Sharandeep Kaur | B.tech 7th Sem | Rayat Bahra Uni. Mohali | 7,000/- |
| 66 | Karnjot Singh | B.Tech 3rd Year CSE | CGC Landran | 7,000/- |
| 67 | Gurkirat Singh | B.tech Chem. Eng. | N. I. of Tech. Jalandhar | 7,000/ |
| 68 | Neelam | B.Tech CSC Final | Rayat Bahra Uni. Mohali | 7,000/- |
| 69 | Gurinder Kaur | B.Tec.5th Sem Electro | Rayat Group Of C Railmajra | 7,000/- |
| 70 | Jaskiran Kaur | MA Pbi 2nd Year | ASBASJSM CollegeBela | 6,000/- |

| | | | | |
|---|---|---|---|---|
| 71 | Sandeep Kaur | B.Sc 4th Yr Comm. Sci | PAU Ludhiana | 7,000/- |
| 72 | Manjeet Kaur | B.Sc. 1st Year N. M. | Govt College Rupnagar | 5,000/- |
| 73 | Manpreet Kaur | B.Sc 3rd Year | -Do- | 6,000/- |
| 74 | Jasika Sharma | B.Ed. | Rayat Bahra Col, Railmajra | 6,000/- |
| 75 | Kiranjeet kaur | PGDCA | Sainik Tech Institute ,Ropar | 5,000/- |
| 76 | Satinder Kaur | B.Com 1st Year | P. G. Govt Girls Co. Chandig | 6,000/- |
| 77 | Diya Saini | MBA | CGC Landran | 6,000/- |
| 78 | Davinder Singh | B.A. 1st year | P. M.Deaf & Dumb S.Ropar | 5,000/- |
| 79 | Sukhwinder Singh | +1 Arts | -Do- | 5,000/- |
| 80 | Lovepreet Kaur | BA 1st Year | ASBASJSM College Bela | 5,000/- |
| 81 | Tajinder Singh | B.A 3rd Year | Govt. College, Rupnagar | 5,000/- |
| 82 | Harsimran Kaur | B.Sc 1st year | Saraswati College,Gharuan | 5,000/- |
| 83 | Jaskiran KAur | B.A. 3rd year | Govt.College Rupnagar | 5,000/- |
| 84 | Tajinder Singh | B.Tec 5th S Food Tech | SGGSW Uni. Fatehgarh Sah | 5,000/- |
| 85 | Amanjot Singh | D. Pharmacy | ASBASJSM College Bela | 5,000/- |
| 86 | Harwinder Singh | B. Pharmacy 2ndYear | H.P Pharmacy Co.Majhauli | 6,000/- |
| 87 | Akash Rai | M.Sc. 3rd Sem Chem. | Rayat Bahra Uni. Kharar | 6,000/- |
| 88 | Sahil Kumar | M.Sc. 3rd Sem Chem. | -do- | 5,000/- |
| 89 | Amanpreet Kaur | B.Ed | Doaba Colleges, Kharar | 5,000/- |
| 90 | Jaswinder Kaur | MA Pbi 2nd Year | Govt. College Rupnagar | 6,000/- |
| 91 | Simranjeet Kaur | MA Pbi Final | -Do- | 6,000/- |
| 92 | Karanpreet Singh | B.Sc. 2nd year | -Do- | 6,000/- |
| 93 | Sonpreet Kaur | BBA 1st year | ASBASJSM College Bela | 6,000/- |
| 94 | Pawanpreet Kaur | B.Com 3rd Year | -Do- | 6,000/- |
| 95 | Manpreet Kaur | B.Sc(Hon) Math 1st Y | SGTB Kh Co. Sr AnandpurSa | 6,000/- |
| 96 | Kiranpreet Kaur | B.Pharmacy 6th Sem | H.P Ph.Col.Maganpur,Nala. | 5,000/- |
| 97 | Manpreet Kaur | B.Sc Nursing | Saraswati Nur. Inst. Kurali | 5,000/- |
| 98 | Harpreet Kaur | B.Pharmacy 1st Sem | ASBASJSM college Bela | 5,000/- |
| 99 | Amanjot Singh | -Do- | -Do- | 5,000/- |
| 100 | Harpreet Kaur | B.Pharmacy 2nd Year | Rayat ins of Phar ,Railmajra | 5,000/- |
| 101 | Prabhjot Kaur | B.Tech com, Sci | IET Bhaddal | 5,000/- |
| 102 | Harshdeep Kaur | B.Pharmacy 2nd Year | ASBASJSM College ,Bela | 5,000/- |
| 103 | Arshpreet Singh | Diploma | ITT Rupnagar | 5,000/- |
| 104 | Prabhjot Kaur | GNM 2nd Y Medical | GNM Trg. School Bathinda | 5,000/- |
| 105 | Shira khan | B.Com 5th Sem | Govt.College, Mohali | 5,000/- |
| 106 | Palak Saini | GNM Sem 1st | Govt.Nur.College, Ropar | 4000/- |
| 107 | Mandeep Kaur | B.C.A 1st year | Kh. college Anandpur Sahib | 5000/- |
| 108 | Manpreet Kaur | MA English Final | Govt.College Rupnagar | 7,000/- |
| 109 | Amneet Kaur | M.B.A 1st year | Pbi University patiala | 7,000/- |
| 110 | Simrandeep Saini | M.Sc. Bot. Sem 7th | -Do- | 7,000/- |
| 111 | Amanpreet Singh | MA 2nd Year Pol Sci | Govt.College Rupnagar | 7,000/- |
| 112 | Sarpreet Kaur | M.A 2nd Year Pol.Sci. | -Do- | 7,000/- |

Total Amount Disbursed = 6,62,000/-



ਮਨੁੱਖੀ ਵਿਕਾਸ ਦੇ ਮੋਹਰੀ

# ਨੋਬਲ ਪੁਰਸਕਾਰ ਵਿਜੇਤਾ-2022

**ਸ. ਬਲਬੀਰ ਸਿੰਘ ਸੈਣੀ**
ਸੈਣੀ ਭਵਨ ਰੂਪਨਗਰ

ਨੋਬਲ ਪੁਰਸਕਾਰ ਵਿਸ਼ਵਪੱਧਰੀ ਛੇ ਪ੍ਰਸਿੱਧ ਇਨਾਮ ਹਨ ਜੋ ਮਨੁੱਖੀ ਵਿਕਾਸ ਦੇ ਭਿੰਨ ਭਿੰਨ ਖੇਤਰਾਂ ਵਿੱਚ ਇਨਕਲਾਬੀ ਖੋਜਾਂ ਕਰਨ ਵਾਲੇ ਬੁੱਧੀਜੀਵੀਆਂ ਨੂੰ ਹਰ ਸਾਲ ਪ੍ਰਦਾਨ ਕੀਤੇ ਜਾਂਦੇ ਹਨ। ਨੋਬਲ ਇਨਾਮ ਸਵੀਡਨ ਦੇਸ਼ ਦੇ ਕਾਰੋਬਾਰੀ ਅਤੇ ਵਿਗਿਆਨੀ ਅਲਫਰਡ ਨੋਬਲ ਵਲੋਂ ਸੰਨ 1895 ਵਿੱਚ ਕੀਤੀ ਵਸੀਅਤ ਅਨੁਸਾਰ ਉਸ ਦੀ ਜਾਇਦਾਦ ਦੇ ਪੈਸੇ ਨਾਲ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਚਕਿਤਸਾ ਵਿਗਿਆਨ, ਸਾਹਿਤ, ਅਰਥ ਸ਼ਾਸਤਰ ਅਤੇ ਵਿਸ਼ਵ ਸ਼ਾਤੀ ਦੇ ਖੇਤਰਾਂ ਵਿੱਚ ਪਾਏ ਅਹਿਮ ਯੋਗਦਾਨ ਲਈ ਦਿੱਤੇ ਜਾਂਦੇ ਹਨ। ਇਨ੍ਹਾਂ ਵਿੱਚੋਂ ਪੰਜ ਪੁਰਸਕਾਰ 1901 ਵਿੱਚ ਜਦੋਂਕਿ ਅਰਥ ਸ਼ਾਸਤਰ ਦਾ ਨੋਬਲ ਇਨਾਮ 1969 ਵਿੱਚ ਸ਼ੁਰੂ ਕੀਤਾ ਗਿਆ। ਸਾਲ 2021 ਤੱਕ 615 ਨੋਬਲ ਇਨਾਮ 954 ਵਿਅਕਤੀਆਂ ਨੂੰ ਦਿੱਤੇ ਜਾ ਚੁੱਕੇ ਹਨ। ਇਨ੍ਹਾਂ ਲਾਭਪਾਤਰੀਆਂ ਦੀ ਚੋਣ ਰਾਇਲ ਅਕੈਡਮੀ ਵਲੋਂ ਬਣਾਈ ਪੰਜ ਮੈਂਬਰੀ ਚੋਣ ਕਮੇਟੀ ਦੁਆਰਾ ਕੀਤੀ ਜਾਂਦੀ ਹੈ। ਇਹ ਇਨਾਮ ਹਰ ਸਾਲ 10 ਦਸੰਬਰ ਨੂੰ ਅਲਫਰਡ ਨੋਬਲ ਦੀ ਬਰਸੀ ਸਮੇਂ ਸਟਾਕਹਾਮ ਵਿਖੇ ਦਿੱਤੇ ਜਾਂਦੇ ਹਨ। ਹਰ ਪੁਰਸਕਾਰ ਵਿੱਚ ਇੱਕ ਡਿਪਲੋਮਾ, ਇੱਕ ਤਮਗਾ ਅਤੇ 10 ਮਿਲੀਅਨ ਕਰੋਨਾ( 1.1 ਮਿਲੀਅਨ ਡਾਲਰ) ਦਿੱਤੇ ਜਾਂਦੇ ਹਨ।

ਸਾਲ 2022 ਲਈ 13 ਵਿਅਕਤੀਆਂ ਨੂੰ ਇਨ੍ਹਾਂ ਪੁਰਸਕਾਰਾਂ ਲਈ ਚੁਣਿਆਂ ਗਿਆ ਹੈ ਜਿਨ੍ਹਾਂ ਦੇ ਵੇਰਵੇ ਹੇਠ ਅਨੁਸਾਰ ਹਨ-

## ਭੌਤਿਕ ਵਿਗਿਆਨ-



ਇਹ ਪੁਰਸਕਾਰ ਤਿੰਨ ਭੌਤਿਕ ਵਿਗਿਆਨੀਆਂ-ਫਰਾਂਸ ਦੇ ਐਲਨ ਅਸਪੇ, ਅਮਰੀਕੀ ਜਾਹਨ ਕਲਾਜ਼ਰ ਅਤੇ ਆਸਟਰੀਆ ਵਿਗਿਆਨੀ ਐਂਟਨ ਜ਼ਾਇਲਿੰਗ ਨੂੰ ਦਿੱਤਾ ਗਿਆ ਹੈ। ਇਹ ਸਨਮਾਨ ਉਨ੍ਹਾਂ ਨੂੰ ਕੁਆਂਟਮ ਸੂਚਨਾ ਵਿਗਿਆਨ ਵਿੱਚ ਕੀਤੇ ਕਾਰਜਾਂ ਲਈ ਦਿੱਤਾ ਗਿਆ ਹੈ। ਐਲਨ ਅਸਪੇ ਯੂਨੀਵਰਸਿਟੀ ਆਫ਼ ਪੈਰਿਸ-ਸਾਕਲੇ ਵਿੱਚ ਫੋਟਾਨ ਦੀ ਹੋਂਦ ਤੋਂ ਲੱਗ ਕੇ ਹੋਰ ਕੁਆਂਟਮ ਰਹੱਸਾਂ ਸਬੰਧੀ ਲੰਮੇ ਸਮੇਂ ਤੋਂ ਪ੍ਰਯੋਗ ਕਰਦਾ ਆ ਰਿਹਾ ਹੈ। ਉਹ ਭਾਰਤ ਕਈ ਵਾਰ ਆ ਚੁੱਕਾ ਹੈ ਅਤੇ ਬਹੁਤ ਹੀ ਮਿਲਣਸਾਰ ਸੁਭਾ ਦਾ ਮਾਲਕ ਹੈ। ਜਾਹਨ ਕਲਾਜ਼ਰ ਕੈਲੇਫੋਰਨੀਆਂ ਵਿੱਚ ਆਪਣੀ ਖੋਜ ਆਧਾਰਿਤ ਕੰਪਨੀ ਚਲਾਉਂਦਾ ਹੈ। ਉਹ ਬੈੱਲ ਅਸਮਾਨਤਾ ਰਿਸ਼ਤੇ ਸਬੰਧੀ ਪਹਿਲੇ ਪ੍ਰਯੋਗਕਾਰੀਆਂ ਵਿੱਚੋਂ ਹੈ ਜਿਸ ਕਾਰਨ ਆਲੋਚਨਾ ਦਾ ਸਾਹਮਣਾ ਵੀ ਕਰਦਾ ਰਿਹਾ ਹੈ। ਐਂਟਨ ਜ਼ਾਇਲਿੰਗ ਵੀਆਨਾ ਯੂਨੀਵਰਸਿਟੀ ਵਿੱਚ ਲੰਮੇ ਸਮੇਂ ਤੋਂ ਕੁਆਂਟਮ ਵਿਗਿਆਨ ਦੀਆਂ ਜੜ੍ਹਾਂ ਫਰੋਲਣ ਵਾਲੇ ਪ੍ਰਯੋਗ ਕਰਦਾ ਆ ਰਿਹਾ ਹੈ। ਉਹ ਬਹੁਤ ਖੁਲ੍ਹੇ ਵਿਚਾਰਾਂ ਵਾਲਾ ਰੌਚਿਕ ਵਿਅਕਤੀ ਹੈ। ਇਹ ਨਵੀਂ ਖੋਜ ਸੁਰੱਖਿਅਤ ਸੂਚਨਾ ਤਬਾਦਲੇ, ਕੁਆਂਟਮ ਕੰਪਿਊਟਿੰਗ ਅਤੇ ਸੈਂਸਿੰਗ ਤਕਨੀਕ ਲਈ ਮਹੱਤਵਪੂਰਨ ਭੂਮਿਕਾ ਨਿਭਾਏਗੀ।

## ਰਸਾਇਣ ਵਿਗਿਆਨ-



ਇਹ ਨੋਬਲ ਪੁਰਸਕਾਰ ਤਿੰਨ ਵਿਗਿਆਨੀਆਂ- ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਵਿਚ ਕੰਮ ਕਰਦੇ ਕੈਰੋਲਿਨ ਬਰਟੋਜ਼ੀ, ਡੈਨਮਾਰਕ ਦੀ ਕੋਪਨਹੈਗਨ ਯੂਨੀਵਰਸਿਟੀ ਦੇ ਮੋਰਟਨ ਮੇਲਡਲ ਅਤੇ ਕੈਲੀਫੋਰਨੀਆਂ ਦੇ ਸਕ੍ਰਿਪਸ ਰਿਸਰਚ ਨਾਲ ਜੁੜੇ ਕੇ ਬੈਰੀ ਸ਼ਾਰਪਲੈਸ ਨੂੰ ਸਾਂਝੇ ਤੌਰ 'ਤੇ ਦਿੱਤਾ ਗਿਆ ਹੈ। ਉਨ੍ਹਾਂ ਨੂੰ ਇਹ ਇਨਾਮ ਅਣੂਆਂ ਨੂੰ 'ਇਕੱਠਿਆਂ ਤੋੜਨ' ਦਾ ਤਰੀਕਾ ਵਿਕਸਤ ਕਰਨ ਲਈ ਪ੍ਰਦਾਨ ਕੀਤਾ ਗਿਆ ਹੈ। ਇਸ ਖੋਜ ਨੂੰ ਕਲਿੱਕ ਰਸਾਇਣ ਅਤੇ ਬਾਇਓਆਰਥੋਗੋਨਲ ਪ੍ਰਤਿਕਿਰਿਆ ਵਜੋਂ ਜਾਣਿਆਂ ਜਾਂਦਾ ਹੈ। ਇਨ੍ਹਾਂ ਦੀ ਵਰਤੋਂ ਕੈਂਸਰ ਦੀਆਂ ਦਵਾਈਆਂ ਬਣਾਉਣ, ਡੀਐਨਏ ਮੈਪਿੰਗ ਕਰਨ ਅਤੇ ਇਕ ਖਾਸ ਉਦੇਸ਼ ਅਨੁਸਾਰ ਸਮੱਗਰੀ ਬਣਾਉਣ ਵਿੱਚ ਕੀਤੀ ਜਾਂਦੀ ਹੈ। ਬੈਰੀ ਸ਼ਾਰਪਲੈੱਸ ਨੇ 2001 ਵਿੱਚ ਵੀ ਨੋਬਲ ਇਨਾਮ ਹਾਸਲ ਕੀਤਾ ਸੀ। ਉਹ ਇਹ ਵੱਕਾਰੀ ਇਨਾਮ ਦੂਜੀ ਵਾਰ ਹਾਸਲ ਕਰਨ ਵਾਲਾ ਪੰਜਵਾਂ ਵਿਗਿਆਨੀ ਹੈ।



**ਚਕਿਤਸਾ( ਮੈਡੀਸਨ)**–ਇਸ ਮਹੱਤਵਪੂਰਨ ਖੇਤਰ ਵਿੱਚ ਨੋਬਲ ਪੁਰਸਕਾਰ ਸਵੀਡਨ ਦੇਸ਼ ਦੇ ਵਿਗਿਆਨੀ ਸਵਾਂਤੇ ਪਾਬੋ ਨੂੰ ਦਿੱਤਾ ਗਿਆ ਹੈ। ਉਸ ਨੂੰ ਇਹ ਵਕਾਰੀ ਇਨਾਮ ਮਨੁੱਖੀ ਵਿਕਾਸ ਬਾਰੇ ਕੀਤੀਆਂ ਖੋਜਾਂ ਲਈ ਪ੍ਰਦਾਨ ਕੀਤਾ ਗਿਆ ਹੈ। ਪਾਬੋ, ਪ੍ਰਸਿੱਧ

ਵਿਗਿਆਨੀ ਸੁਨ ਬਰਗਸਟਰੌਮ ਜਿਸ ਨੇ 1982 ਵਿੱਚ ਚਕਿਤਸਾ ਦਾ ਨੋਬਲ ਇਨਾਮ ਹਾਸਲ ਕੀਤਾ ਗਿਆ ਸੀ, ਦਾ ਬੇਟਾ ਹੈ। ਉਹ ਇਸ ਸਮੇਂ ਮੈਕਸ ਪਲਾਂਕ ਇੰਸਟੀਚਿਊਟ ਫਾਰ ਐਵੋਲੂਸ਼ਨਰੀ ਐਂਥਰੋਪੋਲੋਜੀ ਦਾ ਡਾਇਰੈਕਟਰ ਹੈ। ਉਸ ਦੀ ਇਸ ਖੋਜ ਨੇ ਆਧੁਨਿਕ ਮਨੁੱਖੀ ਜੀਨੋਮ ਤੇ ਅਲੋਪ ਹੋ ਚੁੱਕੀਆਂ ਮਨੁੱਖ ਦੀਆਂ ਸਭ ਤੋਂ ਕਰੀਬੀ ਪ੍ਰਜਾਤੀਆਂ-ਨਿਏਡਰਥਲਜ਼ ਤੇ ਡੇਨੀਸੋਵਾਂਸ ਦਾ ਤੁਲਨਾਤਮਕ ਅਧਿਐਨ ਕੀਤਾ ਹੈ ਜਿਸ ਤੋਂ ਸਿੱਧ ਹੋਇਆ ਹੈ ਕਿ ਇਨ੍ਹਾਂ ਦੋਵੇਂ ਅਲੋਪ ਹੋਈਆਂ ਪ੍ਰਜਾਤੀਆਂ ਦਾ ਰਲੇਵਾਂ ਹੋਇਆ ਸੀ।

**ਅਰਥ ਸ਼ਾਸਤਰ–**





ਇਸ ਸਾਲ ਇਹ ਇਨਾਮ ਤਿੰਨ ਅਮਰੀਕੀ ਅਰਥਸ਼ਾਸਤਰੀਆਂ-ਬੈੱਨ.ਐਸ.ਬਰਨਾਨਕੇ(ਅਮਰੀਕੀ ਫੈਡਰਲ ਰਿਜ਼ਰਵ ਦੇ ਸਾਬਕਾ ਮੁਖੀ), ਡਗਲਸ ਡਬਲਿਊ ਡਾਇਮੰਡ(ਯੂਨੀਵਰਸਿਟੀ ਆਫ ਸ਼ਿਕਾਗੋ ਬੂਥ ਸਕੂਲ ਆਫ ਬਿਜ਼ਨਸ ਵਿੱਚ ਫਾਈਨੈਂਸ ਦਾ ਸਹਾਇਕ ਪ੍ਰੋਫੈਸਰ) ਤੇ ਫਿਲਿਪ ਐਚ.ਡਾਇਬਵਿਗ(ਯੂਨੀਵਰਸਿਟੀ ਆਫ ਸੇਂਟ ਲੁਇਸ,ਅਲਿਨ ਬਿਜ਼ਨਸ ਸਕੂਲ ਆਫ ਵਸ਼ਿਗਟਨ ਵਿੱਚ ਬੈਂਕਿੰਗ ਅਤੇ ਫਾਇਨੈਂਸ ਦਾ ਪ੍ਰੋਫੈਸਰ) ਨੂੰ ਪ੍ਰਦਾਨ ਕੀਤਾ ਗਿਆ ਹੈ। ਇਨ੍ਹਾਂ ਬੁੱਧੀਜੀਵੀਆਂ ਨੂੰ ਇਹ ਸਨਮਾਨ ਬੈਂਕਾਂ ਤੇ ਵਿਤੀ ਸੰਕਟਾਂ 'ਤੇ ਕੀਤੇ ਖੋਜ ਕਾਰਜਾਂ ਲਈ ਦਿੱਤਾ ਗਿਆ ਹੈ। ਇਨ੍ਹਾਂ ਖੋਜਾਂ ਵਿੱਚ 'ਬੈਂਕਾਂ ਨੂੰ ਟੁੱਟਣ ਤੋਂ ਬਚਾਉਣ ਦਾ ਮਹੱਤਵ' ਦੱਸਿਆ ਗਿਆ ਹੈ।



**ਸ਼ਾਂਤੀ–** ਇਸ ਸਾਲ ਦਾ ਨੋਬਲ ਸ਼ਾਂਤੀ ਪੁਰਸਕਾਰ ਬੇਲਾਰੂਸ ਦੇਸ਼ ਦੀ ਜੇਲ੍ਹ ਵਿੱਚ ਬੰਦ ਰੂਸ ਦੇ ਗਰੁੱਪ 'ਮੈਮੋਰੀਅਲ' ਦੇ ਕਾਰਕੁਨ ਏਲੇਸ ਬਿਆਲੀਅਤਸਕੀ ਅਤੇ ਯੂਨਰੇਨ ਦੀ ਜਥੇਬੰਦੀ 'ਸੈਂਟਰ ਫਾਰ ਲਿਬਰਟੀਜ਼' ਨੂੰ ਸਾਂਝੇ ਤੌਰ 'ਤੇ ਦਿੱਤਾ ਗਿਆ ਹੈ। ਬਿਆਲੀਅਤਸਕੀ ਬੇਲਾਰੂਸ ਵਿੱਚ ਲੋਕਤੰਤਰ ਅੰਦੋਲਨ ਦੇ ਨੇਤਾਵਾਂ ਵਿੱਚੋਂ ਇੱਕ ਹੈ ਜਿਸ ਨੇ ਮਨੁੱਖੀ ਅਧਿਕਾਰਾਂ ਅਤੇ ਨਾਗਰਿਕ ਸੁਤੰਤਰਤਾ ਲਈ ਤਾਨਾਸ਼ਾਹ ਸਰਕਾਰ ਵਿਰੁੱਧ ਮੁਹਿੰਮ ਜਾਰੀ ਰੱਖੀ ਕਿਸ ਕਾਰਨ ਬਿਨਾਂ ਮੁਕੱਦਮਾ ਚਲਾਏ ਕਈ ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹੈ। 'ਮੈਮੋਰੀਅਲ' ਨੇ ਰੂਸ ਵਿੱਚ ਮਨੁੱਖੀ ਅਧਿਕਾਰਾਂ ਦੇ ਘਾਣ ਬਾਰੇ ਜਾਣਕਾਰੀ ਇਕੱਠੀ ਕਰਨਾ ਜਾਰੀ ਰੱਖਿਆ। ਯੂਕਰੇਨ ਦੇ 'ਸੈਂਟਰ ਫਾਰ ਸਿਵਲ ਲਿਬਰਟੀਜ਼' ਵਲੋਂ ਮਨੁੱਖੀ ਹੱਕਾਂ ਅਤੇ ਜਮਹੂਰੀਅਤ ਨੂੰ ਹੁਲਾਰਾ ਦਿੱਤਾ ਜਾ ਰਿਹਾ ਹੈ।



**ਸਾਹਿਤ–** ਫਰਾਂਸੀਸੀ ਲੇਖਕਾ ਐਨੀ ਅਰਨੋ ਨੂੰ ਇਸ ਸਾਲ ਦੇ ਨੋਬਲ ਸਾਹਿਤ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਲੇਖਕਾ ਨੇ ਆਪਣੀ ਲੇਖਣੀ ਵਿੱਚ ਨਿਜੀ ਯਾਦਾਂ ਦੇ ਸਮੂਹਿਕ ਅੜਿਕਿਆਂ ਨੂੰ ਹੌਂਸਲੇ ਨਾਲ ਉਜਾਗਰ ਕੀਤਾ ਹੈ। ਅਰਨੋ ਨੇ ਆਪਣੀ ਲਿਖਤ ਵਿੱਚ ਲਿੰਗ, ਭਾਸ਼ਾ ਅਤੇ ਵਰਗਾਂ ਬਾਰੇ ਅਸਮਾਨਤਾ ਦੇ ਵੱਖ ਵੱਖ ਪੱਖਾਂ ਦਾ ਵਰਣਨ ਕੀਤਾ ਹੈ। ਉਸ ਨੇ ਆਪਣੀਆਂ 20 ਤੋਂ ਵੱਧ ਪੁਸਤਕਾਂ ਵਿੱਚ ਆਪਣੇ ਜੀਵਨ ਅਤੇ ਨੇੜਲੇ ਲੋਕਾਂ ਦੀਆਂ ਜੀਵਨ ਘਟਨਾਵਾਂ ਦਰਜ ਕਰ ਕੇ ਜਿਨਸੀ ਸ਼ੋਸ਼ਣ, ਗਰਭਪਾਤ ਤੇ ਬਿਮਾਰੀਆਂ ਆਦਿ ਦੀਆਂ ਤਸਵੀਰਾਂ ਪੇਸ਼ ਕੀਤੀਆਂ ਹਨ।

❁ ❁ ❁ ❁ ❁



## ਟੱਪੇ

ਸੇਵਾ ਸਿੰਘ ਨੂਰਪੁਰੀ*

ਕੋਠੇ 'ਤੇ ਕਾਂ ਬੋਲੇ।
ਪੰਜਾਬ ਮੇਰਾ ਭਟਕ ਗਿਆ, ਨਸ਼ਿਆਂ ਵਿੱਚ ਨਾਂ ਬੋਲੇ।

ਨੇਤਾ ਮਾਲੋਮਾਲ ਹੋਏ।
ਗੱਭਰੂ ਚਿੱਟੇ ਨੇ ਖਾ ਲਏ, ਮਾਪੇ ਕੰਗਾਲ ਹੋਏ।

ਨਾ ਲੱਭਦੀਆਂ ਛਾਵਾਂ ਨੇ।
ਪੁੱਤ ਮਰੇ ਖੋਲ਼ਿਆਂ ਵਿੱਚ, ਵੈਣ ਪਾਂਦੀਆਂ ਮਾਵਾਂ ਨੇ।

ਅੱਤ ਕਰਾ 'ਤੀ ਵੈਣਾਂ ਨੇ।
ਰੱਖੜੀ ਹੱਥ ਫੜ ਕੇ, ਗੁੱਟ ਲੱਭਦੀਆਂ ਭੈਣਾਂ ਨੇ।

ਹਾਏ ! ਖਰਚਾ ਘਟਦਾ ਨਹੀਂ।
ਮਹਿੰਗਾਈ ਨੇ ਲੱਕ ਤੋੜਿਆ, ਹੁਣ ਪੂਰਾ ਫਟਦਾ ਨਹੀਂ।

ਕੈਂਸਰ ਨੇ ਫਾਹਿਆ ਏ।
ਨਕਲੀ ਦਵਾਈਆਂ ਨੇ, ਆ ਮਾਲਵਾ ਢਾਇਆ ਏ।

ਲੋੜਾਂ ਨਾ ਹੋਂਦੀਆਂ ਪੂਰੀਆਂ ਨੇ।
ਕਿਸਾਨ ਕਰੇ ਖੁਦਕੁਸ਼ੀਆਂ, ਨਿੱਤ ਟੁੱਟਦੀਆਂ ਚੂੜੀਆਂ ਨੇ।

ਰਾਤੀਂ ਕਰਨ ਕਮਾਈਆਂ ਨੇ।
ਵਿੱਚ ਪ੍ਰਦੇਸਾਂ ਦੇ, ਬਹੁਤ ਔਖੀਆਂ ਪੜ੍ਹਾਈਆਂ ਨੇ।

ਮਾਪੇ ਕਰਨ ਦੁਆਵਾਂ ਵੇ।
ਕਰੋ ਨਾ ਲੜਾਈਆਂ ਬੱਚਿਓ, ਘਰੇ ਉਡੀਕਣ ਮਾਵਾਂ ਵੇ।

(*ਕਵੀ ਨਵਾਂਸ਼ਹਿਰ ਜ਼ਿਲ੍ਹੇ ਦੇ ਪਿੰਡ ਝਿੱਕਾ ਦੇ ਸੈਣੀ ਪਰਿਵਾਰ ਨਾਲ ਸਬੰਧਿਤ ਹੈ।)



# ਜਦੋਂ ਲੋਕ ਜਾਗਦੇ ਹਨ

ਡਾ. ਰਣਜੀਤ ਸਿੰਘ
ਲੁਧਿਆਣਾ

ਜਦੋਂ ਲੋਕ ਜਾਗਦੇ ਹਨ ਤਾਂ ਉਨ੍ਹਾਂ ਦੇ ਜੋਸ਼ ਅਤੇ ਸ਼ਕਤੀ ਦੇ ਹੜ੍ਹ ਨੂੰ ਉੱਚੇ ਤੋਂ ਉੱਚਾ ਅਤੇ ਮਜ਼ਬੂਤ ਤੋਂ ਮਜ਼ਬੂਤ ਬੰਨ੍ਹ ਵੀ ਨਹੀਂ ਰੋਕ ਸਕਦਾ ਹੈ ਪਰ ਲੋਕ ਉਦੋਂ ਹੀ ਜਾਗਦੇ ਹਨ ਜਦੋਂ ਕੋਈ ਜਗਦੀ ਜੋਤ ਉਨ੍ਹਾਂ ਦੇ ਅੰਦਰਲੇ ਹਨੇਰੇ ਨੂੰ ਦੂਰ ਕਰੇ। ਆਮ ਕਰਕੇ ਲੋਕ ਜ਼ੁਲਮ ਸਹਿੰਦੇ ਰਹਿੰਦੇ ਹਨ, ਗਰੀਬੀ ਨੂੰ ਰੱਬ ਦੀ ਰਜ਼ਾ ਸਮਝ ਕੇ ਭੋਗਦੇ ਹਨ ਅਤੇ ਹੋ ਰਹੀ ਦੁਰਦਸ਼ਾ ਨੂੰ ਪਿਛਲੇ ਜਨਮ ਦੇ ਕਰਮ ਸਮਝ ਕੇ ਦਿਨ ਕੱਟੀ ਜਾਂਦੇ ਹਨ।

ਇਤਿਹਾਸ ਵੱਲ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਜਦੋਂ ਪੰਜਾਬੀ ਜਾਗੇ ਸਨ ਤਾਂ ਸਿਕੰਦਰ ਵਰਗੇ ਰਾਜੇ ਨੂੰ, ਜਿਹੜਾ ਆਪਣੇ ਆਪ ਨੂੰ ਅਜਿੱਤ ਸਮਝਦਾ ਸੀ ਤੇ ਸਾਰੀ ਦੁਨੀਆਂ ਜਿੱਤਣ ਤੁਰਿਆ ਸੀ, ਦਰਿਆ ਬਿਆਸ ਪਾਰ ਨਹੀਂ ਸੀ ਕਰਨ ਦਿੱਤਾ। ਜਿਹੜਾ ਸਿੰਕਦਰ ਆਪਣੀਆਂ ਫੌਜਾਂ ਦੀ ਅਗਵਾਈ ਕਰਦਾ ਸੀ, ਉਹੀ ਸਿੰਕਦਰ ਪਿੱਠ ਦਿਖਾ ਕੇ ਭੱਜੇ ਜਾਂਦੇ ਆਪਣੇ ਫੌਜੀਆਂ ਪਿਛੇ ਜਾ ਰਿਹਾ ਸੀ। ਉਸ ਨੂੰ ਇੰਨੀ ਨਮੋਸ਼ੀ ਹੋਈ ਕਿ ਉਹ ਰਾਹ ਵਿੱਚ ਹੀ ਦਮ ਤੋੜ ਗਿਆ। ਇਹ ਪੱਟੀਦਾਰ ਪੰਜਾਬੀ ਆਪਣੇ ਲਈ ਨਵੇਂ ਖੇਤਾਂ ਦੀ ਤਲਾਸ਼ ਵਿੱਚ ਗੁਜਰਾਤ ਤੱਕ ਪਹੁੰਚੇ। ਇਹ ਮੰਨਿਆ ਜਾਂਦਾ ਹੈ ਕਿ ਪਾਟਿਲ ਇਹੋ ਪੰਜਾਬੀ ਪੱਟੀਦਾਰ ਹਨ।

ਫਿਰ ਕਈ ਸਦੀਆਂ ਧਾੜਵੀ, ਹਿੰਦ ਨੂੰ ਲੁੱਟਦੇ ਰਹੇ ਅਤੇ ਸਮੇ ਦੀ ਹਕੂਮਤ ਤੇ ਪਰਜਾ ਇਸ ਨੂੰ ਰੱਬ ਦੀ ਰਜ਼ਾ ਸਮਝ ਕੇ ਸਿਰ ਨੀਵਾਂ ਕਰਕੇ ਜਿਉਂਦੀ ਰਹੀ। ਪੰਦਰਵੀਂ ਸਦੀ ਵਿੱਚ ਗੁਰੂ ਨਾਨਕ ਜੀ ਨੇ ਲੋਕਾਂ ਨੂੰ ਉਨ੍ਹਾਂ ਦੀ ਸ਼ਕਤੀ ਦਾ ਅਹਿਸਾਸ ਕਰਵਾਇਆ।

ਮੁੜ ਲੋਕ ਉਦੋਂ ਜਾਗੇ ਸਨ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕੇ ਦਸ਼ਮੇਸ਼ ਪਿਤਾ ਨੇ ਆਪਣੇ ਵੱਡੇ ਸਹਿਬਜ਼ਾਦਿਆਂ ਨੂੰ ਹੱਥੀ ਤਿਆਰ ਕਰ ਕੇ ਲੋਕ ਹੱਕਾਂ ਦੀ ਰਾਖੀ ਲਈ ਚਮਕੌਰ ਦੀ ਧਰਤੀ 'ਤੇ ਸ਼ਹੀਦ ਕਰਵਾਇਆ। ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਦੀ ਉਮਰ ਮਸਾਂ ਪੰਜ ਅਤੇ ਸੱਤ ਸਾਲ ਸੀ, ਉਨ੍ਹਾਂ ਨੂੰ ਸੂਬਾ ਸਰਹੱਦ ਨੇ ਜਿਉਂਦਿਆਂ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕੀਤਾ। ਸਾਹਿਬਜ਼ਾਦਿਆਂ ਨੇ ਸੂਬਾ ਸਰਹੰਦ ਦੇ ਸਾਰੇ ਲਾਲਚ ਠੁਕਰਾ ਦਿੱਤੇ, ਹਰ ਜ਼ੁਲਮ ਝੱਲਿਆ, ਪਰ ਆਪਣੇ ਅਕੀਦੇ ਉੱਤੇ ਡਟੇ ਰਹੇ। ਉੱਥੇ ਹੀ ਗੁਰੂ ਜੀ ਦੇ ਮਾਤਾ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਜੀ ਨੇ ਆਪਣੇ ਪਿਤਾ, ਗੁਰੂ ਤੇਗ ਬਹਾਦਰ ਜੀ ਨੂੰ ਆਪਣੇ ਹੱਥੀਂ ਲੋਕ ਹੱਕਾਂ ਦੀ ਰਾਖੀ ਲਈ ਸ਼ਹਾਦਤ ਦੇਣ ਲਈ ਤੋਰਿਆ ਸੀ। ਗੁਰੂ ਜੀ ਉਦੋਂ ਕੇਵਲ ਨੌਂ ਸਾਲ ਦੇ ਸਨ।

ਚਮਕੌਰ ਦੀ ਜੰਗ ਪਿੱਛੋਂ ਮਾਛੀਵਾੜੇ ਦੇ ਜੰਗਲਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਇਕੱਲੇ ਸਨ। ਰਾਏਕੋਟ ਤੋਂ ਜਦੋਂ ਤੁਰੇ ਤਾਂ ਕੁਝ ਸਿੰਘ ਉਹਨਾਂ ਨਾਲ ਜੁੜ ਗਏ। ਸ਼ਾਹੀ ਫੌਜਾਂ ਗੁਰੂ ਦੇ ਮਗਰ ਆ ਰਹੀਆਂ ਸਨ। ਉਧਰ ਲੋਕ ਗੁਰੂ ਜੀ ਵੱਲ ਆ ਰਹੇ ਸਨ। ਖਿਦਰਾਣੇ ਦੀ ਢਾਬ ਤੱਕ ਪਹੁੰਚਦਿਆਂ ਬਹੁਤ ਸਾਰੇ ਕਿਰਤੀ ਕਿਸਾਨ ਗੁਰੂ ਜੀ ਨਾਲ ਆ ਰਲੇ। ਸ਼ਾਰੀ ਫੌਜ ਵੀ ਪਿੱਛਾ ਕਰਦੀ ਉੱਥੇ ਪੁੱਜ ਗਈ। ਅਨੰਦਪੁਰ ਸਾਹਿਬ ਤੇ ਜਿਹੜੇ 40 ਸਿੰਘ ਗੁਰੂ ਜੀ ਨੂੰ ਬੇਦਾਵਾ ਦੇ ਕੇ ਚਲੇ ਗਏ ਸਨ, ਉਨ੍ਹਾਂ ਦੀ ਜ਼ਮੀਰ ਨੂੰ ਜਦੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੇ ਝੰਜੋੜਿਆ ਅਤੇ ਘਰੋਂ ਔਰਤਾਂ ਨੇ ਫਿਟਕਾਰਾਂ ਪਾਈਆਂ ਤਾਂ ਉਹ ਵੀ ਗੁਰੂ ਜੀ ਦਾ ਸਾਥ ਦੇਣ ਤੁਰ ਪਏ। ਸ਼ਾਹੀ ਫੌਜ ਕੋਲ ਤੋਪਾਂ ਅਤੇ ਬੰਦੂਕਾਂ ਸਨ। ਗੁਰੂ ਜੀ ਦੇ ਕਿਰਤੀ ਸਿਪਾਹੀਆਂ ਕੋਲ ਤਲਵਾਰਾਂ, ਬਰਛੇ ਅਤੇ ਡਾਂਗਾਂ ਹੀ ਸਨ। ਪਰ ਲੋਕ ਜੋਸ਼ ਅੱਗੇ ਸ਼ਾਹੀ ਫੌਜ ਟਿਕ ਨਾ ਸਕੀ ਅਤੇ ਰਾਤ ਦੇ ਹਨੇਰੇ ਵਿਚ ਆਪਣੀ ਜਾਨ ਬਚਾਉਂਦੀ ਹੋਈ ਦੌੜ ਗਈ। ਇਸ ਪਿੱਛੋਂ ਕਿਸੇ ਵੀ ਸ਼ਾਹੀ ਫੌਜ ਨੇ ਗੁਰੂ ਜੀ ਉੱਤੇ ਹਮਲਾ ਕਰਨ ਦੀ ਜ਼ੁਰਅਤ ਨਹੀਂ ਕੀਤੀ।

ਲੋਕ ਉਦੋਂ ਵੀ ਜਾਗੇ ਸਨ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ੁਲਮ ਦਾ ਅੰਤ ਕਰਨ ਲਈ ਲਲਕਾਰਾ ਮਾਰਿਆ ਸੀ। ਇਹ ਮਹਾਨ ਜਰਨੈਲ ਜਦੋਂ ਨਾਂਦੇੜ ਤੋਂ ਤੁਰਿਆ ਸੀ ਤਾਂ ਉਸ ਨਾਲ ਪੰਜ ਸਿੰਘ, ਦਸ਼ਮੇਸ ਦੀ ਬਖਸ਼ਿਸ਼ ਪੰਜ ਤੀਰ, ਨਗਾਰਾ ਅਤੇ ਨਿਸ਼ਾਨ ਸਾਹਿਬ ਸੀ ਪਰ ਉਸ ਦੇ ਪੱਲੇ ਅੰਮ੍ਰਿਤ ਦੀ ਦਾਤ, ਗੁਰੂ ਜੀ ਦਾ ਥਾਪੜਾ ਅਤੇ ਸੱਚ ਤੇ ਹੱਕ ਸੀ। ਨਾਂਦੇੜ ਤੋਂ ਥੋੜ੍ਹੀ ਦੂਰ ਪੁੱਜਣ ਉੱਤੇ ਉਸ ਨਾਲ ਕੋਈ 40 ਸਿੰਘ ਹੋ ਗਏ ਸਨ ਪਰ ਜਦੋਂ ਉਸ ਨੇ ਸੋਨੀਪਤ ਲਾਗੇ ਪਹਿਲਾ ਪੜਾਅ ਕੀਤਾ ਤਾਂ ਉਸ ਨਾਲ 40 ਹਜ਼ਾਰ ਲੋਕ ਸਨ। ਇਹ ਸਾਰੇ ਕਿਰਤੀ ਕਿਸਾਨ ਸਨ। ਇਨ੍ਹਾਂ ਨੂੰ ਕੋਈ ਫੌਜੀ ਸਿਖਲਾਈ ਨਹੀ ਸੀ ਅਤੇ ਨਾ ਹੀ ਇਨ੍ਹਾਂ ਪਾਸ ਹਥਿਆਰ ਸਨ ਪਰ ਹੱਕ ਦੀ ਲੜਾਈ ਲੜਨ ਦੇ ਜੋਸ਼ ਸਦਕਾ ਇਨ੍ਹਾਂ ਨੇ ਪੰਜਾਬ ਵਿਚੋਂ ਜ਼ੁਲਮ ਦਾ ਅੰਤ ਕੀਤਾ ਅਤੇ ਜ਼ਾਲਮਾਂ ਨੂੰ ਚੁਣ ਚੁਣ ਕੇ ਸੋਧਿਆ। ਹੁਣ ਤੱਕ ਕੰਮੀ ਕਮੀਣ ਅਖਵਾਏ ਜਾਣ ਵਾਲੇ, ਜ਼ਮੀਨਾਂ ਦੇ ਮਾਲਕ ਸਰਦਾਰ ਬਣ ਗਏ। ਜਿਹੜੇ ਇਨ੍ਹਾਂ ਨੂੰ ਕਮੀਣ ਆਖ ਕੇ ਇਨ੍ਹਾਂ ਦੇ ਪਰਛਾਵੇਂ ਤੋਂ ਵੀ ਦੂਰ ਰਹਿੰਦੇ ਸਨ ਉਹੀ ਝੁਕ ਝੁਕ ਕੇ ਸਲਾਮ ਕਰਨ ਲੱਗ ਪਏ। ਦੇਸ਼ ਦਾ ਬਾਦਸ਼ਾਰ ਬਹਾਦਰ ਸ਼ਾਹ ਆਪਣੀ ਪੂਰੀ ਫੌਜ ਅਤੇ ਹਿੰਦੂ ਰਾਜਿਆਂ ਦੀਆਂ ਫੌਜਾਂ ਲੈ ਕੇ ਬਾਬਾ ਜੀ ਨੂੰ ਕਾਬੂ ਕਰਨ ਲਈ ਪੰਜਾਬ ਆਇਆ। ਇਸ ਸਮੇਂ ਭਾਵੇਂ ਬੰਦਾ ਸਿੰਘ ਬਹਾਦੁਰ ਜੀ ਦੀ ਹਾਰ ਹੋਈ ਪਰ ਉਨ੍ਹਾਂ ਨੇ ਲੋਹਗੜ੍ਹ ਦੇ ਕਿਲੇ ਵਿਚੋਂ ਨਿਕਲ ਕੇ ਕੀਰਤਪੁਰ ਸਾਹਿਬ ਡੇਰੇ ਜਾ ਲਾਏ। ਉੱਥੇ ਹੀ ਲੋਕਾਂ ਨੂੰ ਹੁਕਮਨਾਮੇ ਭੇਜੇ ਕਿ ਸਾਡਾ ਮਿਸ਼ਨ ਅਜੇ ਅਧੂਰਾ ਹੈ, ਪਹਾੜੀ ਰਾਜਿਆਂ ਦੀ ਸੁਧਾਈ ਬਾਕੀ ਹੈ, ਤੁਸੀਂ ਵਹੀਰਾਂ ਘੱਤ ਕੇ ਆਵੋ। ਪੰਜਾਬ ਦੇ ਚੱਪੇ ਚੱਪੇ ਉੱਤੇ ਸ਼ਾਹੀ ਫੌਜ ਫਿਰ ਰਹੀ

ਸੀ ਪਰ ਲੋਕ ਆਪਣੀਆਂ ਜਾਨਾਂ ਨੂੰ ਹਥੇਲੀ ਉੱਤੇ ਰੱਖ ਕੇ ਬਾਬਾ ਜੀ ਕੋਲ ਪੁੱਜੇ ਅਤੇ ਸਾਰੇ ਪਹਾੜੀ ਰਾਜਿਆਂ ਤੋਂ ਈਨ ਮਨਵਾਈ। ਮੁਗਲ ਬਾਦਸ਼ਾਹ ਇਹ ਨਮੋਸ਼ੀ ਸਹਿਣ ਨਾ ਕਰ ਸਕਿਆ ਅਤੇ ਉਸ ਨੇ ਲਾਹੌਰ ਵਿਚ ਪ੍ਰਾਣ ਤਿਆਗ ਦਿੱਤੇ।

ਲੋਕੀਂ ਉਦੋਂ ਵੀ ਜਾਗੇ ਸਨ ਜਦੋਂ ਅਹਿਮਦ ਸ਼ਾਹ ਅਬਦਾਲੀ ਨੇ 'ਛੋਟਾ' ਅਤੇ 'ਵੱਡਾ ਘੱਲੂਘਾਰਾ' ਕਰ ਕੇ ਹਜ਼ਾਰਾਂ ਸਿੱਖ ਪਰਿਵਾਰਾਂ ਨੂੰ ਕਤਲ ਕੀਤਾ ਸੀ। ਆਪਣੇ ਵੱਲੋਂ ਉਸ ਨੇ ਸਿੱਖੀ ਖਤਮ ਹੀ ਕਰ ਦਿੱਤੀ ਸੀ ਪਰ ਸਿੱਖਾਂ ਨੇ ਉਸ ਤੋਂ ਲੁੱਟ ਦਾ ਮਾਲ ਹੀ ਨਹੀਂ ਖੋਹਿਆ ਸਗੋਂ ਅਜਿਹਾ ਜ਼ਲੀਲ ਕੀਤਾ ਕਿ ਉਸ ਨੇ ਮੁੜ ਇਸ ਪਾਸੇ ਹਮਲਾ ਕਰਨ ਦੀ ਜ਼ੁਰਅਤ ਨਹੀਂ ਕੀਤੀ ਸਗੋਂ ਸਿੱਖਾਂ ਨੂੰ ਸੰਧੀ ਦੀ ਪੇਸ਼ਕਸ਼ ਕੀਤੀ ਕਿ ਦਿੱਲੀ ਤੱਕ ਸਾਰੇ ਇਲਾਕੇ ਦੇ ਮਾਲਕ ਬਣ ਜਾਵੋ। ਸਿੱਖ ਆਗੂਆਂ ਨੇ ਉਸ ਨੂੰ ਉੱਤਰ ਭੇਜਿਆ ਸੀ ਕਿ ਅਸੀਂ ਬਾਦਸ਼ਾਹੀ ਖੈਰਾਤ ਵਿਚ ਨਹੀਂ ਲੈਂਦੇ ਸਗੋਂ ਆਪਣੀ ਤਾਕਤ ਅਤੇ ਹਿੰਮਤ ਨਾਲ ਪ੍ਰਾਪਤ ਕਰਾਂਗੇ।

ਲੋਕ ਉਦੋਂ ਵੀ ਜਾਗੇ ਸਨ ਜਦੋਂ ਮਹਾਰਾਜਾ ਰਣਜੀਤ ਸਿੰਘ 12 ਸਾਲ ਦੀ ਉਮਰ ਵਿਚ ਆਪਣੀ ਮਿਸਲ ਦਾ ਸਰਦਾਰ ਬਣਿਆਂ ਸੀ। ਇਹ ਮਿਸਲ ਸਭ ਤੋਂ ਛੋਟੀ ਸੀ। ਅਹਿਮਦਸ਼ਾਹ ਅਬਦਾਲੀ ਦੇ ਪੋਤਰੇ ਨੇ ਸੋਚਿਆ ਕਿ ਕਮਜ਼ੋਰ ਸਿੱਖ ਮਿਸਲ ਦੇ ਇਕ ਅੱਖ ਵਾਲੇ 12 ਸਾਲ ਦੇ ਛੋਕਰੇ ਨੂੰ ਹਰਾਉਣਾ ਕੋਈ ਮੁਸ਼ਕਿਲ ਨਹੀਂ ਹੋਵੇਗਾ। ਇਸ ਸੁਨਹਿਰੀ ਮੌਕੇ ਦਾ ਫਾਇਦਾ ਲੈ ਕੇ ਮੁੜ ਹਿੰਦ ਨੂੰ ਲੁੱਟਿਆ ਜਾਵੇ। ਉਸ ਨੇ ਪੂਰੀ ਤਾਕਤ ਨਾਲ ਪੰਜਾਬ 'ਤੇ ਹਮਲਾ ਕੀਤਾ ਪਰ ਰਣਜੀਤ ਸਿੰਘ ਦੀ ਅਗਵਾਈ ਹੇਠ ਜਾਗੇ ਪੰਜਾਬੀਆਂ ਨੇ ਉਸ ਨੂੰ ਬੁਰੀ ਤਰ੍ਹਾਂ ਹਰਾਇਆ ਅਤੇ ਉਹ ਮੁੜ ਕਿਸੇ ਦਾ ਵੀ ਪੱਛਮ ਵਾਲੇ ਪਾਸਿਓਂ ਪੰਜਾਬ ਉੱਤੇ ਹਮਲਾ ਕਰਨ ਦਾ ਹੌਸਲਾ ਨਾ ਪਿਆ।

ਲੋਕ ਉਦੋਂ ਵੀ ਜਾਗੇ ਸਨ ਜਦੋਂ ਪਿਛਲੀ ਸਦੀ ਦੇ ਦੂਜੇ ਦਹਾਕੇ ਵਿਚ ਮਹੰਤਾਂ ਦੇ ਕੁਕਰਮਾਂ ਤੋਂ ਗੁਰੂ ਧਾਮਾਂ ਨੂੰ ਆਜ਼ਾਦ ਕਰਵਾਉਣ ਦੀ ਵੰਗਾਰ ਪਈ ਸੀ। ਸਿੱਖਾਂ ਨੂੰ ਰੁੱਖਾਂ ਨਾਲ ਬੰਨ ਕੇ ਜਿਉਂਦੇ ਸਾੜਿਆ ਗਿਆ, ਉਨ੍ਹਾਂ ਉਤੇ ਲਾਠੀਆਂ ਅਤੇ ਗੋਲੀਆਂ ਬਰਸਾਈਆਂ ਗਈਆਂ ਪਰ ਉਹ ਸ਼ਾਤ ਅਤੇ ਅਡੋਲ ਵਾਹਿਗੁਰੂ ਦਾ ਜਾਪ ਕਰਦੇ ਅਗੇ ਵਧਦੇ ਗਏ। ਕਈਆਂ ਨੂੰ ਯਕੀਨ ਨਹੀਂ ਸੀ ਹੁੰਦਾ ਕਿ ਪੰਜਾ ਸਾਹਿਬ ਵਿੱਚ ਬਾਬਾ ਨਾਨਕ ਨੇ ਆਪਣੇ ਹੱਥ ਦੇ ਪੰਜੇ ਨਾਲ ਇੱਕ ਭਾਰੇ ਪੱਥਰ ਨੂੰ ਰੋਕਿਆ ਸੀ ਪਰ ਉਨ੍ਹਾਂ ਨੂੰ ਉਦੋਂ ਯਕੀਨ ਕਰਨਾ ਪਿਆ, ਜਦੋਂ ਬਾਬੇ ਦੇ ਸਿੱਖਾਂ ਨੇ ਅੰਗਰੇਜ਼ ਦੀ ਰੇਲ ਰੋਕ ਲਈ। ਅਸਲ ਵਿਚ ਸੰਗਤ ਨੇ ਸਟੇਸ਼ਨ ਮਾਸਟਰ ਨੂੰ ਬੇਨਤੀ ਕੀਤੀ ਸੀ ਕਿ ਇੱਥੇ ਰੇਲ ਰੋਕੀ ਜਾਵੇ ਤਾਂ ਜੋ ਸੱਤਿਆਗ੍ਰਹਿ ਕਾਰਨ ਕੈਦ ਕੀਤੇ ਸਿੰਘਾਂ ਨੂੰ ਲੰਗਰ ਛਕਾਇਆ ਜਾ ਸਕੇ ਪਰ ਸਰਕਾਰ ਨੇ ਨਾਂਹ ਕਰ ਦਿੱਤੀ। ਸਿੰਘ ਰੇਲਵੇ ਲਾਇਨ ਉੱਤੇ ਲੇਟ ਗਏ ਅਤੇ ਦੋ ਸਿੰਘਾਂ ਦੀ ਜਾਨ ਦੀ ਆਹੂਤੀ ਦੇ ਕੇ ਰੇਲ ਰੋਕੀ ਅਤੇ ਕੈਦੀਆ ਨੂੰ ਲੰਗਰ ਛਕਾਇਆ।

ਵਰਤਮਾਨ ਭਾਰਤ ਦੀ ਸਰਕਾਰ ਵਲੋਂ ਕਿਸਾਨੀ ਵਿਰੋਧੀ ਬਣਾਏ ਤਿੰਨ ਕਾਨੂੰਨਾਂ ਦਾ ਵਿਰੋਧ ਕਰਨ ਵੇਲੇ ਵੀ ਲੋਕ ਜਾਗੇ ਸਨ। ਦਿੱਲੀ ਦੀਆਂ ਹੱਦਾਂ ਉੱਤੇ ਕਿਸਾਨ ਸ਼ਾਂਤਮਈ ਢੰਗ ਨਾਲ ਧਰਨਾ ਲਾ ਕੇ ਸਾਲ ਤੋਂ ਵੱਧ ਸਮਾਂ ਬੈਠੇ ਰਹੇ। ਸਰਕਾਰ ਨੂੰ ਮਜ਼ਬੂਰ ਹੋ ਕੇ ਖੇਤੀ ਕਾਨੂੰਨ ਵਾਪਿਸ ਲੈਣੇ ਪਏ। ਅਜਿਹਾ ਅੰਦੋਲਨ ਸੰਸਾਰ ਵਿਚ ਪਹਿਲਾਂ ਕਦੇ ਨਹੀਂ ਹੋਇਆ ਸੀ।

ਹੁਣ ਲੋੜ ਹੈ ਨਵੀਂ ਜਾਗੀ ਚੇਤਨਾ ਨੂੰ ਬਣਾਈ ਰੱਖਣ ਦੀ ਹੈ, ਤਾਂ ਜੋ ਪੰਜਾਬ ਨੂੰ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਤੋਂ ਮੁਕਤ ਕੀਤਾ ਜਾ ਸਕੇ। ਲੋਕਾਂ ਵੱਲੋਂ ਆਪਣੇ ਯਤਨਾਂ ਨਾਲ ਪਿੰਡਾਂ ਦੇ ਸਕੂਲਾਂ ਨੂੰ ਸਮੇਂ ਦੇ ਹਾਣੀ ਬਣਾਇਆ ਜਾਵੇ, ਸਿਹਤ ਸਹੂਲਤਾਂ ਨੂੰ ਸੁਧਾਰਿਆ ਜਾਵੇ, ਰਲਮਿਲ ਕੇ ਆਪਣੀ ਖੇਤੀ-ਉਪਜ ਦੀ ਵਿਕਰੀ ਆਪ ਕੀਤੀ ਜਾਵੇ ਅਤੇ ਇਸ ਤੋਂ ਆਧੁਨਿਕ ਖਾਧ-ਪਦਾਰਥ ਤਿਆਰ ਕਰ ਕੇ ਇਨ੍ਹਾਂ ਨੂੰ ਪਿੰਡਾਂ ਵਿੱਚ ਹੀ ਵਰਤਿਆ ਜਾਵੇ। ਹੁਣ ਲੋੜ ਹੈ ਕਿ ਵਿਖਾਵੇ ਤੋਂ ਤੋਬਾ ਕੀਤੀ ਜਾਵੇ ਅਤੇ ਗਰੀਬ ਦੀ ਬਾਂਹ ਫੜੀ ਜਾਵੇ ਤਾਂ ਜੋ ਕਿਸੇ ਨੂੰ ਖੁਦਕੁਸ਼ੀ ਕਰਨ ਲਈ ਮਜ਼ਬੂਰ ਨਾ ਹੋਣਾ ਪਵੇ।

*Happy New Year*

**2023**

*May the blessings of Peace,*
*Prosperity, Good Health, Happiness*
*and Love be with you always*

ਨਵਾਂ ਸਾਲ ਆਪ ਜੀ ਅਤੇ ਆਪ ਦੇ ਪਰਿਵਾਰ ਲਈ ਖੁਸ਼ੀਆਂ ਤੇ ਖੇੜੇ ਲੈ ਕੇ ਆਵੇ।

ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਵਿਸ਼ਵ ਸਮਾਜ ਵਿੱਚ ਭਾਈਚਾਰਕ ਸਾਂਝ ਅਤੇ ਵਾਤਾਵਰਣ ਦੀ ਸੰਤੁਲਨਤਾ ਬਣੀ ਰਹੇ ਅਤੇ ਸ਼ਰਾਬ ਤੇ ਨਸ਼ਿਆਂ ਦੀ ਲਾਹਨਤ, ਭ੍ਰਿਸ਼ਟਾਚਾਰ, ਭਰੂਣ ਹੱਤਿਆ, ਆਪਸੀ ਨਫ਼ਰਤ ਆਦਿ ਸਮਾਜਿਕ ਬੁਰਾਈਆਂ ਤੋਂ ਮੁਕਤ ਹੋ ਕੇ ਸਾਰੀ ਮਾਨਵਤਾ ਉਸ ਇੱਕੋ ਸਿਰਜਣਹਾਰ ਦੀ ਸਿਫ਼ਤ-ਸਲਾਹ ਵਿੱਚ ਲੀਨ ਹੋ ਜਾਵੇ ਜਿਸ ਨੇ ਇਹ ਸ੍ਰਿਸ਼ਟੀ ਸਾਜੀ ਹੈ।

ਸਾਰੀ ਮਨੁੱਖਤਾ ਦੀ ਸਿਰਜਣਾ ਇੱਕੋ ਸਿਰਜਣਹਾਰ ਪ੍ਰਮਾਤਮਾ ਨੇ ਕੀਤੀ ਹੈ ਅਤੇ ਸਾਰੇ ਬੰਦੇ ਇੱਕ ਬਰਾਬਰ ਹਨ, ਫਿਰ ਆਪਸੀ ਨਫ਼ਰਤ ਕਿਉਂ? ਭਗਤ ਕਬੀਰ ਜੀ ਆਪਣੀ ਇਲਾਹੀ ਬਾਣੀ ਵਿੱਚ ਫਰਮਾਉਂਦੇ ਹਨ:

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਦੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।

(ਅੰਗ 1349)

ਵਲੋਂ :

ਇੰਜ. ਜਸਵੰਤ ਸਿੰਘ (ਰਿਟਾ.) ਜਲੰਧਰ

ਕਹਾਣੀ

# ਸਵਰਗ ਤੋਂ ਵਾਪਸੀ

ਮਨਜੀਤ ਸਿੰਘ ਤੰਬੜ
ਪਿੰਡ ਪੰਜੌੜ (ਹੁਸ਼ਿਆਰਪੁਰ)



ਔਖਾ-ਸੌਖਾ ਹੋ ਕੇ ਭਗਤ ਸਿੰਘ ਨੇ, ਦੀਪੇ ਨੂੰ ਬੀ.ਏ ਦੀ ਪੜ੍ਹਾਈ ਪੂਰੀ ਕਰਾ ਦਿੱਤੀ। ਅਗਲੇਰੀ ਪੜ੍ਹਾਈ ਲਈ ਚਾਹੇ ਬਸੰਤ ਕੌਰ ਨੇ ਥੋੜ੍ਹਾ ਜ਼ੋਰ ਪਾਇਆ, ਪਰ ਭਗਤ ਸਿੰਘ ਨੇ ਹੱਥ ਖੜ੍ਹੇ ਕਰ ਦਿੱਤੇ,"ਬਸ ਕਰ ਹੁਣ, ਅੜੀ ਨਾ ਕਰੀ ਜਾਹ, ਮੇਰੇ ਹੁਣ ਪ੍ਰੈਂਲਾਂ ਆਂਗ ਹੱਡ ਨੀ ਕੰਮ ਕਰਦੈ, ਏਨੀਆਂ ਕੂ ਈ ਬਥੇਰੀਆਂ ਜਮਾਤਾਂ। ਕਿਸੇ ਕੰਮ ਕਾਜ ਜੋਗਾ ਹੋ ਗਿਆ ਹੁਣ। ਸਰਕਾਰੀ ਨਾ ਸਹੀ, ਕੋਈ ਪ੍ਰਾਈਵੇਟ ਤਾਂ ਮਿਲ ਈ ਜਾਊ", ਭਗਤ ਸਿੰਘ ਨੇ ਆਪਣੀ ਬੇਵਸੀ ਦੱਸਦੇ ਹੋਏ ਬਸੰਤ ਕੌਰ ਨੂੰ ਸਲਾਹ ਦਿੱਤੀ।

"ਨਾ ਹੁਣ ਮੁੰਡੇ ਤੋਂ ਮਜੂਰੀ ਕਰਾਣੀ ਆਂ, ਐਨਾ ਪੜ੍ਹਾ ਕੇ? ਜੇ ਹੋਰ ਨਈਂ ਪੜ੍ਹਾਣਾ ਤਾਂ, ਰੱਬ ਸੁੱਖ ਰੱਖੇ,ਮੈਂ ਤਾਂ ਦੀਪੇ ਨੂੰ ਕਿਸੇ ਤਰਾਂ ਬਾਅਰ(ਵਿਦੇਸ਼) ਭੇਜਣਾ। ਅਸੀਂ ਕਿਤੇ ਗੁਆਂਢਣ ਪ੍ਰੀਤੋ ਤੋਂ ਵੀ ਰਹਿ ਗਏ। ਦੋ ਚੱਕਰ ਮਾਰ ਆਈ ਆ ਬ੍ਹਾਰ ਦੇ ਆਪਣੇ ਮੁੰਡੇ ਕੋਲ। ਕੈਂਦੀ ਆ ਬ੍ਹਾਰ ਤਾਂ ਸਵਰਗ ਆ, ਸਵਰਗ। ਜੇ ਜ਼ਮੀਨ ਦੇ ਦੋ ਕਿੱਲੇ ਵੇਚ ਵੀ ਦੇਣੇ ਪਏ, ਤਾਂ ਵੀ ਕੀ ਐ, ਆਪੇ ਦੀਪਾ ਕਮਾ ਕੇ ਲੈ ਲਊ ਹੋਰ", ਬਸੰਤ ਕੌਰ ਨੇ ਹਲਕਾ ਜਿਹਾ ਨਿਹੋਰਾ ਮਾਰਿਆ।

ਜ਼ਮੀਨ ਵੇਚਣ ਵਾਲੀ ਗੱਲ ਭਗਤ ਸਿੰਘ ਨੂੰ ਕੌੜੀ ਤਾਂ ਲੱਗੀ, ਪਰ ਬਸੰਤ ਕੌਰ ਦਾ ਦਿਲ ਰੱਖਣ ਲਈ ਉਹ ਸਹਿਮਤ ਹੋ ਗਿਆ। ਪਰ ਆਪਣੇ ਦਿਲ ਦਾ ਦੁੱਖ ਪ੍ਰਗਟ ਕਰਨ ਲਈ ਭਗਤ ਸਿੰਘ ਨੇ ਲੰਮਾ ਹਉਕਾ ਲਿਆ। ਬਸੰਤ ਕੌਰ ਨੇ ਦੋਨੋਂ ਹੱਥ ਆਪਣੇ ਬਾਬੇ ਵੱਲ ਕਰ ਕੇ ਜੋੜ ਦਿੱਤੇ।

ਰੱਬ ਨੇ ਐਸੀ ਨੇੜੇ ਹੋ ਕੇ ਸੁਣੀ ਕਿ ਦੋ ਕੁ ਮਹੀਨਿਆਂ ਵਿੱਚ ਹੀ ਦੀਪੇ ਦਾ ਰਿਸ਼ਤਾ ਬਾਹਰੋਂ ਆਈ ਕੁੜੀ ,ਰਾਣੋ ਨਾਲ ਹੋ ਗਿਆ। ਵਿਆਹ ਤੋਂ ਬਾਅਦ ਉਹ ਦੀਪੇ ਨੂੰ ਨਾਲ ਹੀ ਵਿਦੇਸ਼ ਲੈ ਗਈ। ਜ਼ਮੀਨ ਦਾ ਕਿੱਲਾ ਕੁ ਵੇਚਣ ਨਾਲ ਸਰ ਗਿਆ।

ਦੀਪੇ ਨੂੰ ਬਾਹਰ ਗਏ ਪੰਜ ਸਾਲ ਹੋ ਗਏ। ਜਦੋਂ ਵੀ ਦੀਪੇ ਦਾ ਫੋਨ ਆਉਂਦਾ, ਮਾਂ ਦਾ ਬੱਸ ਏਨੀਆਂ ਕੁ ਗੱਲਾਂ ਨਾਲ ਗਚ ਭਰ ਜਾਂਦਾ ਕਿ 'ਪੁੱਤ ਤੇਰੀ ਸੇਹਤ ਤਾਂ ਠੀਕ ਆ, ਰੋਟੀ ਖਾ ਲਿਆ ਕਰ ਟੈਮ ਨਾਲ, ਕਿਤੇ ਆ ਕੇ ਮਿਲ ਈ ਜਾਹ'। ਵਾਰ ਵਾਰ ਆਖਣ ਤੇ ਇਕ ਦਿਨ ਦੀਪੇ ਨੇ ਕਹਿ ਹੀ ਦਿੱਤਾ,"ਬੇਬੇ ਮੇਰਾ ਤਾਂ ਆਉਣਾ ਔਖਾ, ਮੈਂ ਆਪਣਾ ਘਰ ਲਿਆ ਹੈ। ਮੇਰਾ ਖਰਚਾ ਹੋ ਗਿਆ ਹੈ। ਜੇ ਕਹੋਂ ਤਾਂ ਤੁਹਾਡੇ ਕਾਗਜ਼ ਭੇਜ ਦਿੰਦਾਂ। ਤੁਸੀਂ ਆ ਕੇ ਮਿਲ ਜਾਓ, ਨਾਲੇ ਮੇਰਾ ਘਰ ਦੇਖ ਜਾਇਓ। "।

ਬਸੰਤ ਕੌਰ ਤੇ ਭਗਤ ਸਿੰਘ ਨੂੰ ਚਾਅ ਚੜ੍ਹ ਗਿਆ। ਉਨ੍ਹਾਂ ਨੇ ਧਾਰਮਿਕ ਸਥਾਨਾਂ 'ਤੇ ਕਈ ਮੰਨਤਾਂ ਪੂਰੀਆਂ ਕੀਤੀਆਂ। ਅੰਤ ਉਹ ਦੀਪੇ ਪੁੱਤਰ ਨੂੰ ਮਿਲਣ ਲਈ, ਚਾਈਂ-ਚਾਈਂ ਵਿਦੇਸ਼ੀ ਧਰਤੀ ਤੇ ਪਹੁੰਚ ਗਏ।

ਏਅਰ ਪੋਰਟ ਤੋ ਦੀਪੇ ਦੀ ਗੱਡੀ ਵਿੱਚ ਬੈਠਦਿਆਂ ਹੀ ਉਨ੍ਹਾਂ ਨੂੰ ਸਵਰਗ ਦੀ ਸੈਰ ਵਾਂਗ ਜਾਪਣ ਲੱਗਾ। ਦੇਸ਼ ਐਨਾ ਸਾਫ ਸੁਥਰਾ, ਕੋਈ ਸ਼ੋਰ ਸ਼ਰਾਬਾ ਨਹੀ, ਕੋਈ ਗੱਡੀਆਂ ਦੇ ਹਾਰਨ ਵੱਜਣ ਦੀ ਅਵਾਜ਼ ਨਹੀਂ, ਚੌੜੀਆਂ ਸਿੱਧੀਆਂ ਸੜਕਾਂ, ਚੌਰਸਤਿਆਂ ਉੱਤੇ ਕੋਈ ਪੁਲਿਸ ਵਾਲਾ ਦਿਖਾਈ ਨਹੀ ਸੀ ਦਿੰਦਾ, ਸੜਕਾਂ ਉੱਤੇ ਕੋਈ ਧੂੜ ਮਿੱਟੀ ਨਹੀ ਉੜਦੀ, ਦੂਰ ਦੂਰ ਤੱਕ ਟਿੱਬੇ ਨੁਮਾਂ ਧਰਤੀ ਹਰੀ ਹਰੀ ਘਾਹ ਨਾਲ ਢੱਕੀ ਪਈ ਸੀ। ਉਨ੍ਹਾਂ ਨੂੰ ਜਿਉਂਦਿਆਂ ਹੀ ਸਵਰਗ ਦਾ ਦਿਸਣ ਲੱਗਾ।

ਦੀਪਾ ਦੋ ਦਿਨ ਘਰ ਹੀ ਰਿਹਾ। ਦੀਪੇ ਨੇ ਇਸ ਦੇਸ਼ ਦੇ ਸਾਰੇ ਕਾਇਦੇ-ਕਾਨੂੰਨ ਮਾਂਬਾਪ ਨੂੰ ਦੱਸ ਦਿੱਤੇ, "ਇਕੱਲਿਆਂ ਬਾਹਰ ਨੀ ਜਾਣਾ, ਭੁੱਲ ਜਾਓਗੇ, ਅੰਗਰੇਜ਼ੀ ਤੁਹਾਨੂੰ ਆਉਂਦੀ ਨਹੀਂ, ਪੰਜਾਬੀ ਵਾਰੇ ਇਹ ਲੋਕ ਬਿਲਕੁੱਲ ਨੀ ਜਾਣਦੇ। ਦੋ ਕੁ ਮਹੀਨੇ ਰੁੱਕ ਜਾਓ, ਕਿਸੇ ਦਿਨ ਵੀਕ ਐਂਡ 'ਤੇ ਛੁੱਟੀ ਲੈ ਕੇ ਤੁਹਾਨੂੰ ਘੁਮਾ ਲਿਅਉਂਗਾ। ਹਾਲੇ ਤਾਂ ਘਰ ਦੀ ਮੌਰਗੇਜ਼ ਪਿਛਲੇ ਮਹੀਨੇ ਦੀ ਵੀ ਦੇਣ ਨੂੰ ਪਈ ਆ"।

"ਪੁੱਤ ਹਾਅ ਕੀ ਹੁੰਦੀ ਆ ਮੌਰਗੇਜ਼"? ਮਾਂ ਨੇ ਪੁੱਛਿਆ।

"ਮਾਤਾ ਸਰਕਾਰ ਕੋਲੋਂ ਪੰਜ ਲੱਖ ਡਾਲਰ ਦਾ ਕਰਜ਼ਾ ਲਿਆ ਹੋਇਆ ਏਸ ਘਰ ਲਈ, ਉਸ ਦੀ ਕਿਸ਼ਤ ਪੱਚੀ ਸੌ ਡਾਲਰ ਦੇਣੀ ਪੈਂਣੀ ਆਂ ਤੀਹ ਸਾਲ ਤੱਕ ਹਰ ਮਹੀਨੇ"। ਦੀਪੇ ਨੇ ਸਪਸ਼ਟ ਕੀਤਾ।

"ਪੰਜ ਲੱਖ, ਤੀਹ ਸਾਲ ਲਈ?, ਪੁੱਤ ਤੂੰ ਤਾਂ ਕਰਜ਼ਈ ਹੋ ਗਿਆਂ, ਤੂੰ ਤਾਂ ਕਹਿੰਦਾ ਸੀ, ਮਕਾਨ ਆਪਣਾ ਲੈ ਲਿਆ। ਕਰਜ਼ਾ ਲੈ ਕੇ ਘਰ ਕਾਹਨੂ ਲੈਣਾ ਸੀ। ਪੁੱਤ! ਸਿਆਣੇ ਕਹਿੰਦੇ ਹੁੰਦੇ ਆ, ਕਰਜ਼ਾ ਲੈਣਾ ਹੋਵੇ ਤਾਂ ਜ਼ਮੀਨ ਖਰੀਦਣ ਲਈ ਲੈ ਲਵੋ, ਘਰ ਬਣਾਉਣ ਲਈ ਨਹੀਂ", ਭਗਤ ਸਿੰਘ ਨੇ ਇਕ ਹਉਕਾ ਜਿਹਾ ਲੈ ਕੇ ਕਿਹਾ।

ਦੋ ਦਿਨਾਂ ਬਾਦ ਦੀਪਾ ਕੰਮ ਤੇ ਜਾਣ ਲਗ ਪਿਆ। ਨੂੰਹ ਕਿਸੇ ਕੰਪਨੀ ਦਾ ਆਨ-ਲਾਇਨ ਹੀ ਘਰੋਂ ਕੰਮ ਕਰਿਆ ਕਰਦੀ ਸੀ। ਉਹ ਘੱਟ ਈ ਕਮਰੇ ਵਿੱਚੋਂ ਬਾਹਰ ਆਉਂਦੀ।

ਰਹਿ ਗਏ ਘਰ 'ਚ ਦੋਨੋ ਇਕੱਲੇ। ਰਸੋਈ ਵਰਤਣ ਲਈ ਨੂੰਹ ਰਾਣੀ ਨੇ ਬਸੰਤ ਕੌਰ ਨੂੰ ਗੈਸ ਚੁੱਲ੍ਹਾ, ਮਾਇਕਰੋ, ਬਰਤਨ ਸਾਫ਼ ਕਰਨ ਵਾਲੀ ਮਸ਼ੀਨ ਅਤੇ ਕਪੜੇ ਧੋਣ ਵਾਲੀ ਮਸ਼ੀਨ ਚਲਾਉਣ ਬਾਰੇ ਹਦਾਇਤਾਂ ਦੇ ਦਿਤੀਆਂ,'ਧਿਆਨ ਨਾਲ ਚਲਾਇਓ ਇਨ੍ਹਾਂ ਨੂੰ, ਬਹੁਤ ਮਹਿੰਗੀਆਂ ਆਉਦੀਆਂ ਏਹ"। ਰਾਣੀ ਦੀ ਨਸੀਹਤ ਵਿੱਚ ਕੁੜੱਤਣ ਤੇ ਰੁੱਖੇਪਣ ਤੋਂ ਲਗਦਾ ਸੀ ਕਿ ਉਸ ਨੂੰ ਉਨ੍ਹਾਂ ਦਾ ਦੀਪੇ ਕੋਲ ਆਉਣਾ ਚੰਗਾ ਨੀ ਲੱਗਿਆ।

ਬਸੰਤ ਕੌਰ ਲਈ ਇਹ ਸਭ ਕੰਮ ਨਵੇਂ ਨਹੀਂ ਸਨ। ਇਹ ਮੱਤਾਂ ਉਸ ਦੀ ਸਿਆਣਪ ਲਈ ਵੰਗਾਰ ਸੀ। ਉਹ ਬੋਲੀ ਤਾਂ

ਕੁੱਝ ਨਾ ਪਰ ਉਸ ਦਿਨ ਤੋਂ ਬਸੰਤ ਕੌਰ ਨੇ ਰਸੋਈ 'ਚ ਜਾਣਾ ਘੱਟ ਕਰ ਦਿੱਤਾ। ਬਸ ਆਪਣੇ ਦੋਨਾ ਲਈ ਚਾਹ ਦਾ ਕੱਪ ਜ਼ਰੂਰ ਬਣਾ ਲੈਂਦੀ।

ਇਕ ਦਿਨ ਰਸੋਈ ਚ ਚਾਹ ਬਣਾਉਂਦੀ ਬਸੰਤ ਕੌਰ ਦੇ ਹੱਥੋਂ ਗਰਮ ਚਾਹ ਵਾਲਾ ਗਿਲਾਸ ਡਿਗ ਗਿਆ, ਸਾਰੀ ਗਰਮ ਚਾਹ ਉਸ ਦੇ ਪੈਰਾਂ ਉੱਤੇ ਡੁੱਲ ਗਈ। ਲੱਕੜੀ ਦੇ ਬਣੇ ਰਸੋਈ ਦੇ ਫਰਸ਼ ਨੂੰ ਵੀ ਟੁੱਕ ਪੈ ਗਿਆ। ਸੱਸ ਦੇ ਸੜੇ ਹੋਏ ਪੈਰ ਤਾਂ ਬਹੁ ਰਾਣੀ ਨੂੰ ਨਾ ਦਿਸੇ ਪਰ ਫਰਸ਼ ਉੱਤੇ ਪਏ ਟੱਕ ਨੇ ਘਰ ਵਿੱਚ ਬਹੁਤ ਵੱਡਾ ਬਵਾਲ ਖੜ੍ਹਾ ਕਰ ਦਿੱਤਾ। ਦੋਨੋ ਬੱਜਰ ਅਪਰਾਧੀ ਵਾਂਗ ਸੁੰਨ ਹੋਏ ਬੈਠੇ ਸੁਣਦੇ ਰਹੇ। ਇਸ ਦਿਨ ਤੋਂ ਬਾਅਦ ਉਸ ਦਾ ਮਨ ਰਸੋਈ ਵਿੱਚ ਵੜਨ ਨੂੰ ਨਾ ਕੀਤਾ।

ਉਨ੍ਹਾਂ ਦਾ ਘਰੋਂ ਬਾਹਰ ਜਾਣਾ ਪਹਿਲਾਂ ਹੀ ਬੰਦ ਸੀ। ਸਾਰਾ ਦਿਨ ਸੋਫੇ ਉੱਤੇ ਬੈਠੇ ਮਾਨਸਿਕ ਰੋਗੀਆਂ ਵਾਂਗ ਬੇਵੱਸ ਜਿਹੇ ਉਹ ਇਕ ਦੂਜੇ ਵੱਲ ਦੇਖਦੇ ਰਹਿੰਦੇ। ਕਮਰੇ ਵਿੱਚ ਵੀ ਕਿਹੜੀ ਧੁੱਪ ਆਉਂਦੀ ਸੀ। ਖਿੜਕੀਆਂ ਦੇ ਅੱਗੇ ਲੱਗੇ ਪੜਦੇ ਹਟਾ ਨਹੀਂ ਸਕਦੇ, ਇਵੇਂ ਘਰ ਦੀ ਹੀਟ ਜ਼ਿਆਦਾ ਖਰਚ ਹੁੰਦੀ ਸੀ। ਉਨ੍ਹਾਂ ਲਈ ਦਿਨ ਤੇ ਰਾਤ ਦਾ ਬਹੁਤਾ ਫਰਕ ਨਾ ਰਿਹਾ। ਉਂਞ ਵੀ ਜਦੋ ਦੇ ਬੇਬੇ ਬਾਪੂ ਆਏ ਸਨ, ਗੈਸ ਤੇ ਪਾਣੀ ਦਾ ਬਿਲ ਦੁਗਣਾ ਹੋ ਗਿਆ ਸੀ।

ਉਨ੍ਹਾਂ ਦਾ ਛੇ ਮਹੀਨਿਆਂ ਦਾ ਵੀਜ਼ਾ ਲੱਗਾ ਸੀ। ਅਜੇ ਦੋ ਮਹੀਨੇ ਮੁਸ਼ਕਿਲ ਨਾਲ ਬੀਤੇ ਸਨ। "ਬਸੰਤ ਕੌਰੇ! ਮੈਂ ਕਹਿੰਦਾ ਚਲ ਚੱਲੀਏ ਆਪਣੇ ਘਰੇ, ਏਥੇ ਮੇਰਾ ਤਾਂ ਮਨ ਉੱਕਾ ਈ ਨੀ ਲੱਗਿਆ। ਏਥੇ ਦੇ ਸਵਰਗ ਨਾਲੋਂ ਆਪਣਾ ਨਰਕ ਸੌ ਦਰਜੇ ਚੰਗਾ। ਦੀਪਾ ਕਿਹੜੇ ਵੇਲੇ ਕੰਮ ਤੇ ਜਾਂਦਾ, ਕਦੋਂ ਮੁੜਦਾ ਕੋਈ ਪਤਾ ਨੀ, ਫੇਰ ਅਸੀਂ ਕਿਹਦੇ ਲਈ ਰਹਿਣਾ ਏਥੇ?", ਭਗਤ ਸਿੰਘ ਨੇ ਦੁਖੀ ਹਿਰਦੇ ਨਾਲ ਸਲਾਹ ਦਿੱਤੀ। ਪਰ ਬਸੰਤ ਕੌਰ ਨਾ ਮੰਨੀ।

ਭਗਤ ਸਿੰਘ ਨੂੰ ਦੀਪੇ ਦੇ ਲਏ ਕਰਜ਼ੇ ਦਾ ਫਿਕਰ ਲੱਗਾ ਰਹਿੰਦਾ। ਇਹ ਫਿਕਰ ਉਨ੍ਹਾ ਨੂੰ ਓਥੇ ਰਹਿਣ ਲਈ ਰੋਕ ਰਿਹਾ ਸੀ। ਭਗਤ ਸਿੰਘ ਨੇ ਦੀਪੇ ਦੀ ਮਾਲੀ ਮਦਦ ਲਈ ਬਚੇ ਚਾਰ ਮਹੀਨਿਆਂ ਲਈ ਕੰਮ ਕਰਨ ਦਾ ਵਿਚਾਰ ਬਣਾਇਆ ਪਰ ਸੱਠ ਸੱਤਰ ਸਾਲ ਦੇ ਬਜੁਰਗ ਨੂੰ ਕੰਮ ਦੇਣ ਲਈ ਕੋਈ ਨਾ ਮੰਨਿਆ।

ਇੱਕ ਦਿਨ ਦੀਪਾ ਰਾਤ ਦੇ ਦੋ ਵਜੇ ਘਰ ਆਇਆ। ਉਸ ਸਮੇਂ ਤੱਕ ਭਗਤ ਸਿੰਘ ਤੇ ਬਸੰਤ ਕੌਰ ਹਾਲੇ ਵੀ ਘਰ ਦੇ ਹਾਲ ਵਿੱਚ ਘੁੰਮ ਰਹੇ ਸਨ। "ਵੇ ਪੁੱਤ ਐਨਾ ਚਿਰ ਕਿੱਥੇ ਲਾ ਤਾ"? ਦੋਵੇਂ ਇੱਕਠੇ ਫਿਕਰ ਨਾਲ ਬੋਲੇ।

"ਬਾਪੂ! ਤੁਹਾਨੂੰ ਤਾਂ ਹਰ ਟੈਮ ਪੈਸਿਆ ਦੀ ਪਈ ਰਹਿੰਦੀ ਆ। ਮੇਰੇ ਕੰਮ ਦੇ ਘੰਟੇ ਗਿਣਦੇ ਰਿਹਾ ਕਰੋ ਘਰ ਵੇਹਲੇ ਬੈਠੇ। ਘਰ ਹਾਲੇ ਵੜੀਦਾ ਨੀ, ਪੈਂਲਾ ਈ ਵਹੀ ਖੋ੍ਲ ਕੇ ਬੈਠੇ ਰਹਿੰਦੇ ਹੋ। ਮੈਂ ਤਾਂ ਤੰਗ ਆ ਗਿਆਂ ਏਨ੍ਹਾ ਨੂੰ ਏਥੇ ਬੁਲਾ ਕੇ"। ਸ਼ਰਾਬੀ ਦੀਪੇ ਨੇ ਆਪਣੇ ਦੋਨੋ ਹੱਥ ਭਗਤ ਸਿੰਘ ਅੱਗੇ ਜੋੜ ਦਿੱਤੇ।

ਦੀਪਾ ਆਪਣੇ ਕਮਰੇ ਚ ਚਲਾ ਗਿਆ। ਦੋਨੋ ਦੀਪੇ ਦੇ ਪਿਛੇ ਪਿਛੇ ਤੁਰਦੇ ਆਪਣੇ ਕਮਰੇ ਵਲ ਮੁੜ ਪਏ। ਰੋਟੀ ਕੀ ਖਾਣੀ ਸੀ ਕਿਸੇ ਨੇ। ਦੀਪੇ ਦੇ ਕਹੇ ਬੋਲ ਇਕ ਦਮ ਬੁੱਢੇ ਮਾਂ ਬਾਪ ਦੇ ਦਿਲਾਂ ਉੱਤੇ ਗੰਦੇ ਖ਼ੂਨ ਦਾ ਛਾਲਾ ਬਣ ਕੇ ਉੱਭਰ ਪਏ।

ਕਮਰੇ ਚ ਜਾ ਕੇ, ਦੋਨਾਂ ਚੋਂ ਕਿਸੇ ਨੇ ਕੋਈ ਗਲ ਨਾ ਕੀਤੀ। ਭਗਤ ਸਿੰਘ ਆਪਣੇ ਰੋਜ਼ਾਨਾ ਦੇ ਨਿੱਤ-ਨੇਮ ਲਈ ਸਵੇਰੇ ਨਾ ਉਠਿਆ। ਬਸੰਤ ਕੌਰ ਪਈ ਪਈ ਨੇ ਹਿਲਾਇਆ ਪਰ ਭਗਤ ਜਿਵੇਂ ਦਾ ਉਵੇਂ ਈ ਲੇਟਿਆ ਰਿਹਾ। ਉਸ ਦੇ ਸੁਆਸਾਂ ਦੀ ਪੂੰਜੀ ਮੁੱਕ ਗਈ ਸੀ। ਬਸੰਤ ਕੌਰ ਰੋਂਦੀ ਕੁਰਲਾਉਂਦੀ ਹੋਈ ਮਸਾਂ ਦੀਪੇ ਦੇ ਕਮਰੇ ਤੱਕ ਹੀ ਗਈ। ਪੈਰ ਔਖੜ ਗਿਆ, ਸਾਹਮਣੀ ਕੰਧ ਨਾਲ ਮੱਥਾ ਜਾ ਵੱਜਿਆ, ਡਿਗਦੇ ਸਾਰ ਪ੍ਰਾਣ ਨਿਕਲ ਗਏ। ਦੋਨਾ ਦੀ ਉਮਰ ਦੀਪੇ ਨੂੰ ਲਗ ਗਈ

ਦੋਵਾਂ ਦੇ ਅਸਤ ਲੈ ਕੇ ਦੀਪਾ ਪਿੰਡ ਆ ਗਿਆ। ਬਜ਼ੁਰਗਾਂ ਦੀ ਸਵਰਗ ਤੋਂ ਵਾਪਸੀ ਹੋ ਗਈ। ਇਸ ਦੁੱਖ ਦੀ ਘੜੀ 'ਚ ਦੀਪੇ ਦਾ ਦੁੱਖ ਵੰਡਾਉਣ ਆਈਆਂ ਆਂਢ-ਗੁਆਂਢ ਦੀਆਂ ਔਰਤਾਂ ਦੀਪੇ ਦੇ ਸਿਰ ਉੱਤੇ ਹੱਥ ਰੱਖਦੀਆਂ ਆਪਣੀ ਆਪਣੀ ਬੋਲੀ ਚ ਦੀਪੇ ਨੂੰ ਧਰਵਾਸ ਦੇ ਰਹੀਆਂ ਸਨ।" ਸ਼ੁਕਰ ਕਰੋ ਪੁੱਤ ਦੇ ਹੱਥਾਂ 'ਚ' ਈ ਗਏ ਦੋਨੋ, ਨਈਂ ਤਾਂ ਐਨੀ ਭੈੜੀ ਹਵਾ ਵਗੀ ਪਈ ਏ ਕਿ ਅੱਜ ਕਲ੍ਹ ਸਿਆਣਿਆਂ ਨੂੰ ਪੁੱਛਦਾ ਈ ਕੋਈ ਨੀ'"। ਦੀਪਾ ਚੁੱਪ ਚਾਪ ਸਿਰ ਝੁਕਾਈ ਆਪਣੇ ਹੱਥਾਂ ਵਿੱਚੋਂ ਸੇਵਾ ਵਾਲੀਆਂ ਲਕੀਰਾਂ ਨੂੰ ਰਗੜੀ ਜਾ ਰਿਹਾ ਸੀ ..।

❋ ❋ ❋ ❋ ❋

## ਸ਼ਰਧਾਂਜਲੀ



ਸੈਣੀ ਭਵਨ ਰੂਪਨਗਰ ਦੇ ਟਰੱਸਟੀ ਸ. ਦਵਿੰਦਰ ਸਿੰਘ ਜਟਾਣਾ ਦੇ ਛੋਟੇ ਭਰਾ ਜਤਿੰਦਰ ਸੈਣੀ, 66 ਸਾਲ ਦੀ ਉਮਰ ਵਿੱਚ ਅਕਾਲਚਲਾਣਾ ਕਰ ਗਏ ਹਨ। ਉਹ ਬਹੁਪੱਖੀ ਸਖ਼ਸ਼ੀਅਤ ਦੇ ਮਾਲਕ ਸਨ। ਉਨ੍ਹਾਂ ਨੇ ਸਾਰੀ ਉਮਰ ਲੋੜਵੰਦਾਂ ਅਤੇ ਦੱਬੇ ਕੁਚਲਿਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੇ ਲੰਮਾ ਸਮਾਂ ਜ਼ਿਲ੍ਹਾ ਅਟਾਰਨੀ ਆਫ਼ਿਸ ਰੂਪਨਗਰ ਅਤੇ ਫਿਰ ਚੰਡੀਗੜ੍ਹ ਵਿਖੇ ਸੇਵਾਵਾਂ ਨਿਭਾਈਆਂ। ਇਸ ਸਮੇਂ ਆਪ ਆਪਣੇ ਪਰਿਵਾਰ ਸਮੇਤ ਕੇਨੇਡਾ ਦੇ ਮਿਸੀਸਾਗਾ ਸ਼ਹਿਰ ਵਿੱਚ ਰਹਿ ਰਹੇ ਸਨ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਆਪ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਨ ਅਤੇ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ।



### ਸਾਦਗੀ, ਹਿੰਮਤ ਤੇ ਸੱਚ ਦਾ ਮੁਜੱਸਮਾ

# ਸੈਣੀ ਸਖਸ਼ੀਅਤ ਐਡਵੋਕੇਟ ਮਹਿੰਦਰ ਸਿੰਘ ਭਲਿਆਣ

ਯਤਿੰਦਰ ਕੌਰ ਮਾਹਲ
ਰੂਪਨਗਰ

ਐਡਵੋਕੇਟ ਮਹਿੰਦਰ ਸਿੰਘ ਭਲਿਆਣ, ਰੂਪਨਗਰ ਜਿਲ੍ਹੇ ਦੇ ਇਕ ਸਿਰਕੱਢ ਮਾਸਟਰ ਦੌੜਾਕ ਹਨ। ਇਕ ਯਥਾਰਥਵਾਦੀ ਲੇਖਕ, ਮਨੁੱਖੀ ਅਧਿਕਾਰਾਂ ਦੇ ਮਹਾਨ ਰਖਵਾਲੇ ਗੁਰੂ ਨਾਨਕ ਸਾਹਿਬ ਦੇ ਮਾਨਵਵਾਦੀ ਸਿਧਾਂਤਾਂ ਤੇ ਪਹਿਰਾ ਦੇਣ ਵਾਲੇ ਤੇ ਅਨੇਕਾਂ ਖੇਤਰਾਂ ਵਿੱਚ ਆਪਣੀਆਂ ਸੇਵਾਵਾਂ ਰਾਹੀਂ ਨਾਂ ਕਮਾਉਣ ਵਾਲੇ ਇਨਸਾਨ ਹਨ। ਗਿਆਨੀ ਬਚਨ ਸਿੰਘ ਬੋਲਾ ਅਤੇ ਸ੍ਰੀਮਤੀ ਸੁਰਜੀਤ ਕੌਰ ਦੇ ਘਰ 21-03-1946 ਨੂੰ ਜਨਮੇ ਮਹਿੰਦਰ ਸਿੰਘ ਨੇ ਪੰਜਵੀਂ ਤੱਕ ਦੀ ਪੜ੍ਹਾਈ ਸਕੂਲ ਵਿਚੋਂ ਦੂਜਾ ਸਥਾਨ ਲੈ ਕੇ ਆਪਣੇ ਪਿੰਡ ਭਲਿਆਣ ਦੇ ਸਰਕਾਰੀ ਪ੍ਰਾਈਮਰੀ ਸਕੂਲ ਤੋਂ ਕੀਤੀ। 1960 ਵਿੱਚ ਅੱਠਵੀਂ ਦੀ ਪੜ੍ਹਾਈ ਸਰਕਾਰੀ ਮਿਡਲ ਸਕੂਲ ਬੇਲਾ ਤੋਂ ਪਹਿਲੀ ਪੋਜੀਸ਼ਨ ਨਾਲ ਪੂਰੀ ਕੀਤੀ। ਕਿਸਾਨੀ ਪਰਿਵਾਰ ਨਾਲ ਸੰਬੰਧ ਰੱਖਣ ਵਾਲੇ ਐਡਵੋਕੇਟ ਮਹਿੰਦਰ ਸਿੰਘ ਨੇ ਪਿਤਾ ਪੁਰਖੀ ਸਵਾ ਤਿੰਨ ਏਕੜ ਜ਼ਮੀਨ 'ਤੇ ਪਿਤਾ ਨਾਲ ਕੰਮ ਕਰਵਾਉਂਦਿਆਂ, 1963 ਵਿੱਚ ਖਾਲਸਾ ਸਕੂਲ ਚਮਕੌਰ ਸਾਹਿਬ ਤੋਂ ਹਾਇਰ ਸੈਕੰਡਰੀ ਪਹਿਲੀ ਡਵੀਜ਼ਨ ਵਿੱਚ ਪਾਸ ਕੀਤੀ।

ਆਪਣੇ ਪਿਤਾ ਗਿਆਨੀ ਬਚਨ ਸਿੰਘ ਬੋਲਾ ਤੋਂ ਸਦਾਚਾਰਕ ਜੀਵਨ ਤੇ ਮਿਹਨਤ ਦੀ ਗੁੜ੍ਹਤੀ ਲੈਣ ਵਾਲੇ ਮਹਿੰਦਰ ਸਿੰਘ ਨੇ 1964 ਤੋਂ 1979 ਤੱਕ ਹਵਾਈ ਫੌਜ ਵਿੱਚ ਨੌਕਰੀ ਕਰਦਿਆਂ ਪੜ੍ਹਾਈ ਨਾਲ ਹੀ ਜਾਰੀ ਰੱਖੀ। ਹਵਾਈ ਫੌਜ ਦੇ ਪਹਿਲੇ ਇਮਤਿਹਾਨ ਵਿੱਚ ਉਨ੍ਹਾਂ ਨੇ ਸਾਰੇ ਸਾਥੀਆਂ ਨੂੰ ਪਿੱਛੇ ਛੱਡ ਦਿੱਤਾ। ਉਨ੍ਹਾਂ ਦੇ ਕਲਾਸ ਇੰਚਾਰਜ ਅਧਿਆਪਕ ਨੇ ਪੜ੍ਹਾਈ ਜਾਰੀ ਨਾ ਰੱਖਣ ਦਾ ਕਾਰਨ ਪੁਛਿਆ। ਉਨ੍ਹਾਂ ਦੇ ਹੰਝੂਆਂ ਨੇ ਹੀ ਗਰੀਬੀ ਬਿਆਨ ਕੀਤੀ। ਕਲਾਸ ਇੰਚਾਰਜ ਨੇ ਗੁਰਮੰਤਰ ਦਿੱਤਾ ਕਿ ਸਿਖਲਾਈ ਤੋਂ ਬਾਅਦ ਪੜ੍ਹਾਈ ਜਾਰੀ ਰੱਖਣੀ। ਪ੍ਰਾਈਵੇਟ ਤੌਰ ਤੇ ਪੜ੍ਹਦਿਆਂ ਸੰਨ 1970 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਇਤਿਹਾਸ ਵਿਚੋਂ 73% ਅੰਕ ਪ੍ਰਾਪਤ ਕਰਦਿਆਂ (ਬੀ.ਏ) ਯੂਨੀਵਰਸਿਟੀ ਵਿਚੋਂ ਤੀਜਾ ਸਥਾਨ ਪ੍ਰਾਪਤ ਕੀਤਾ। ਜੇਕਰ ਉਹ ਅਗਲੀ ਪੜ੍ਹਾਈ ਰੈਗੂਲਰ ਵਿਦਿਆਰਥੀ ਵੱਜੋਂ ਕਰਦੇ ਤਾਂ ਉਹਨੀ ਦਿਨੀਂ 110 ਰੁ: ਪ੍ਰਤੀ ਮਹੀਨਾ ਵਜ਼ੀਫ਼ਾ ਮਿਲਣਾ ਮਾਣ ਦੀ ਗੱਲ ਸੀ। ਇਸ ਦੌਰਾਨ ਹੀ 1977 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਹੀ ਐਮ.ਏ. (ਇਤਿਹਾਸ) ਅਤੇ 1979 ਵਿੱਚ ਐਮ.ਏ. (ਅਰਥ-ਸ਼ਾਸਤਰ) ਕੀਤੀ।

ਸੰਨ 1973 ਦੇ 8 ਅਪ੍ਰੈਲ ਨੂੰ ਬੀਬੀ ਚਰਨਜੀਤ ਕੌਰ ਜੀਵਨ ਸਾਥਣ ਦੇ ਰੂਪ ਵਿੱਚ ਜ਼ਿੰਦਗੀ ਵਿੱਚ ਆਏ। ਘਰ ਪਰਿਵਾਰ ਤੇ ਮਾਤਾ-ਪਿਤਾ ਪ੍ਰਤੀ ਫਰਜ ਨਿਭਾਉਂਦਿਆਂ ਸ. ਮਹਿੰਦਰ ਸਿੰਘ ਨੇ 1981 ਵਿੱਚ ਕਸਟਮਜ਼ ਅਤੇ ਸੈਂਟਰਲ ਐਕਸਾਈਜ਼ ਦੇ ਮਹਿਕਮੇ ਵਿੱਚ ਨੌਕਰੀ ਪ੍ਰਾਪਤ ਕੀਤੀ ਅਤੇ ਸੰਨ 2007 ਵਿੱਚ ਕਸਟਮ ਕਪਤਾਨ (ਸੁਪਰਡੈਂਟ) ਦੇ ਅਹੁਦੇ ਤੋਂ ਸੇਵਾਮੁਕਤੀ ਲਈ। ਨੌਕਰੀ ਦੇ ਨਾਲ ਪੜ੍ਹਾਈ ਦਾ ਸਿਲਸਿਲਾ ਜਾਰੀ ਰੱਖਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਹੀ 1993 ਵਿੱਚ ਐਮ.ਏ. (ਪੰਜਾਬੀ), ਪਾਂਡੀਚਰੀ ਯੂਨੀਵਰਸਿਟੀ ਤੋਂ 2003 ਵਿੱਚ M.A ਮਨੁੱਖੀ ਅਧਿਕਾਰ ਕੀਤੀ, ਫੇਰ ਰੈਗੂਲਰ ਸਟੂਡੈਂਟ ਦੇ ਤੌਰ ਤੇ ਸੰਨ 2008 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ L.L.B., ਅਤੇ ਸੰਨ 2009 ਵਿੱਚ ਮਨੁੱਖੀ ਅਧਿਕਾਰਾਂ ਤੇ M.Phd (Private) ਕੀਤੀ। ਐਮ.ਏ. (ਪੰਜਾਬੀ ਦੂਸਰੀ ਵਾਰ ਪੰਜਾਬ ਯੂਨੀਵਰਸਿਟੀ 2016) ਅਤੇ ਪੀ.ਐਚ.ਡੀ. (ਕੋਰਸ ਵਰਕ) 2020 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ। ਪੀ.ਐਚ.ਡੀ (ਮਨੁੱਖੀ ਅਧਿਕਾਰ) ਦੀ ਪੜ੍ਹਾਈ ਜਾਰੀ ਹੈ।



ਗੁਰੂ ਨਾਨਕ ਸਾਹਿਬ ਜੀ ਦੀ ਫ਼ਿਲਾਸਫੀ 'ਤੇ ਪਹਿਰਾ ਦਿੰਦਿਆਂ ਐਡਵੋਕੇਟ ਮਹਿੰਦਰ ਸਿੰਘ ਭਲਿਆਣ ਨੇ ਆਪਣੇ ਜੀਵਨ ਦੇ ਹਰ ਕਦਮ ਤੇ ਮਾਨਵਵਾਦੀ ਸੋਚ ਨੂੰ ਅੱਗੇ ਰੱਖਿਆ। ਮਨੁੱਖੀ ਅਧਿਕਾਰਾਂ ਦੀ ਹੱਕਾਂ ਦੀ ਗੱਲ ਕਰਦਿਆਂ ਇਕ ਵਕੀਲ ਅਤੇ ਲੇਖਕ ਵਜੋਂ ਸੰਨ 2013 ਵਿੱਚ ਉਨ੍ਹਾਂ ਨੇ ਪੁਸਤਕ 'ਮਨੁੱਖੀ ਅਧਿਕਾਰਾਂ ਦਾ ਕਾਨੂੰਨ' ਸਹਿਤ ਦੀ ਝੋਲੀ ਪਾਈ। ਮਨੁੱਖੀ ਹੱਕਾਂ 'ਤੇ ਛਪਣ ਵਾਲੀ ਮਾਂ-ਬੋਲੀ ਪੰਜਾਬੀ ਦੀ ਇਹ ਪਹਿਲੀ ਪੁਸਤਕ ਹੈ।

ਮਿਹਨਤ ਕਰਨ ਵਾਲੇ ਸਰੀਰ, ਖੇਡਾਂ ਵਿੱਚ ਵੀ ਨਾਮਣਾ ਖੱਟਦੇ ਹਨ, ਇਸ ਗੱਲ ਨੂੰ ਸਿੱਧ ਕਰਦਿਆਂ ਤੇਰਾਂ/ਚੌਦਾਂ ਵਰ੍ਹਿਆਂ ਦੀ ਉਮਰ 'ਚ ਫੁੱਟਬਾਲ ਟੀਮ ਦਾ ਮੈਂਬਰ ਬਣ ਰੋਪੜ ਤਹਿਸੀਲ ਵਿਚੋਂ ਪਹਿਲੀ ਪੁਜੀਸ਼ਨ ਲੈ ਕੇ ਮਹਿੰਦਰ ਸਿੰਘ ਨੇ ਆਪਣੀਆਂ ਜਿੱਤਾਂ ਦਾ ਸਿਲਸਿਲਾ ਜਾਰੀ ਰੱਖਦਿਆਂ, 1966 ਵਿੱਚ ਖੇੜੀ ਵਿਖੇ 1500 ਮੀਟਰ ਵਿੱਚ ਦੂਜੀ ਪੋਜੀਸ਼ਨ, 1968/69 ਹਵਾਈ ਫੌਜ ਦੀ ਪੂਰਬੀ ਕਮਾਂਡ 400 ਮੀਟਰ- ਦੂਜਾ ਸਥਾਨ, 4x400 ਰਿਲੇ ਪਹਿਲਾ ਸਥਾਨ, 1976/77 ਵਿੱਚ ਆਦਮਪੁਰ 8 ਵਿੰਗ ਦੀ ਹਾਕੀ ਟੀਮ ਦੀ ਕਪਤਾਨੀ, ਪੱਛਮੀ ਹਵਾਈ ਕਮਾਂਡ ਦੀ ਹਾਕੀ ਟੀਮ ਦੀ ਨੁਮਾਇੰਦਗੀ ਕੀਤੀ। 1988/ ਮਾਸਟਰ ਮੀਟ ਪਟਿਆਲਾ -40+ਵਰਗ 100 ਮੀਟਰ ਪੰਜਾਬ ਵਿੱਚ ਦੂਜਾ ਸਥਾਨ, 200 ਮੀਟਰ ਪਹਿਲਾ ਸਥਾਨ ਪ੍ਰਾਪਤ ਕੀਤਾ।

ਕਸਟਮ ਮਹਿਕਮੇ ਵਿੱਚ ਚਾਂਦੀ ਤੇ ਤਾਂਬੇ ਦੇ ਤਗਮੇ ਜਿੱਤੇ। ਇਸੇ ਤਰ੍ਹਾਂ ਸੰਨ 2016 ਤੋਂ 22 ਤੱਕ ਲਗਾਤਾਰ ਸੋਨੇ, ਚਾਂਦੀ ਅਤੇ ਤਾਂਬੇ ਦੇ ਤਗਮੇ ਜਿੱਤੇ। ਸੰਨ 2022 ਵਿੱਚ 7 ਸੋਨ ਤਗਮੇ, 1 ਚਾਂਦੀ ਤੇ 2 ਤਾਂਬੇ ਦੇ ਮੈਡਲ ਜਿੱਤਣਾ ਖੇਡਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਤਿੰਨ ਵਾਰ ਪੰਜਾਬ ਦੀ ਰੱਸ਼ਾਕਸ਼ੀ ਟੀਮ ਨੈਸ਼ਨਲ ਚੈਂਪੀਅਨ ਬਣੀ ਅਤੇ ਮੈਨੇਜਰ ਦੇ ਤੌਰ ਤੇ ਸੋਨ ਤਗਮਿਆਂ ਦੀ ਹੈਟ-ਟ੍ਰਿਕ ਬਣਾਈ। (1991, 1992, 1993) ਤੇ ਮੈਨੇਜ਼ਰ ਦੇ ਤੌਰ ਤੇ ਬਾਹਰ ਦਾ ਟੂਰ ਵੀ ਲਗਾਇਆ। 75 ਸਾਲਾਂ ਤੋਂ ਉੱਪਰ ਦੀ ਉਮਰ ਵਿੱਚ ਖੇਡ ਮੈਦਾਨ ਵਿੱਚ ਦੌੜਾਂ ਵਿੱਚ ਲਗਾਤਾਰ ਸੋਨ ਤਗਮੇ, ਚਾਂਦੀ ਦੇ ਮੈਡਲ ਜਿੱਤਣਾ ਸ. ਮਹਿੰਦਰ ਸਿੰਘ ਭਲਿਆਣ ਦੀ ਇਕ ਜੋਸ਼ੀਲੀ ਪ੍ਰਾਪਤੀ ਹੈ। ਕਸਟਮਜ਼ ਤੇ ਐਕਸਾਈਜ਼ ਮਹਿਕਮੇ ਵਿੱਚ ਕਰਾਂ ਦੇ ਟੀਚੇ ਪੂਰੇ ਕਰਕੇ ਹੈਟ-ਟ੍ਰਿਕ (1999, 2000,2001) ਬਣਾਉਣ ਵਾਲੇ ਇਸ ਫ਼ੱਕਰ ਜਿਹੇ ਇਨਸਾਨ ਨੂੰ ਖੇੜੀ ਕਲੱਬ ਦੇ ਮੈਂਬਰ ਵੱਲੋਂ ਖੇਡਾਂ ਲਈ ਸਨਮਾਨਿਤ ਵੀ ਕੀਤਾ ਗਿਆ (ਮਿਤੀ 02-12-2022)।

ਬੇਟੀ ਇੰਦਰਜੀਤ ਕੌਰ (M.Sc, M.Ed) ਗੌਰਮਿੰਟ ਟੀਚਰ, ਦਾਮਾਦ ਸਰਬਜੀਤ ਸਿੰਘ (M.Sc, MBA) Govt. Bank ਸਰਵਿਸ, ਬੇਟਾ ਰੁਪਿੰਦਰਪਾਲ ਸਿੰਘ (B.Tech M.B.A) Joint G.M. (ਚੀਫ ਇੰਜੀਨੀਅਰ ਦੇ ਬਰਾਬਰ) Delhi Metro, Rail Corporaiton, ਨੂੰਹ ਰਾਣੀ ਅਮਨਦੀਪ ਕੌਰ (M.Sc, M.Ed, M.Phil) Teacher ਅਤੇ ਦੋਹਤੇ ਦੋਹਤੀਆਂ, ਪੋਤੇ ਪੋਤੀਆਂ ਨਾਲ ਖੁਸ਼ੀ ਦਾ ਜੀਵਨ ਜਿਉਂਦਿਆਂ ਤੇ ਸਮਾਜ ਸੇਵਾ ਲਈ ਹਮੇਸ਼ਾਂ ਤੱਤਪਰ ਇਸ ਇਨਸਾਨ ਨੂੰ ਜ਼ਿੰਦਾਦਿਲੀ ਮੁਬਾਰਕ। ਸ਼ਾਲਾ! ਇਹ ਕਲਮ ਇਸੇ ਤਰ੍ਹਾਂ ਕਰਮ ਕਰਦੀ ਰਹੇ।

❊ ❊ ❊ ❊ ❊

## ਸਫ਼ਲ ਸੈਣੀ ਸਖਸ਼ੀਅਤਾਂ



ਭਾਰਤ ਦੇ ਰਾਸ਼ਟਰਪਤੀ ਨੇ ਹਾਕੀ ਓਲੰਪੀਅਨ **ਧਰਮਵੀਰ ਸਿੰਘ ਸੈਣੀ** ਨੂੰ ਮੇਜਰ ਧਿਆਨ ਚੰਦ ਲਾਈਫ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਹੈ। ਧਰਮਵੀਰ ਸਿੰਘ ਰੂਪਨਗਰ ਸ਼ਹਿਰ ਦੇ ਨਾਲ ਪੈਂਦੇ ਪਿੰਡ ਖੈਰਾਬਾਦ ਦੇ ਸ. ਸੁਖਦੇਵ ਸਿੰਘ ਸੈਣੀ ਦੇ ਸਪੁੱਤਰ ਹਨ ਜਿਨ੍ਹਾਂ ਨੇ 2012 ਲੰਡਨ ਓਲੰਪਿਕਸ ਵਿੱਚ ਭਾਰਤੀ ਟੀਮ ਵਲੋਂ ਖੇਡਦਿਆਂ ਆਖਰੀ ਮੈਚ ਦੌਰਾਨ ਸਭ ਤੋਂ ਵੱਧ ਗੋਲ ਕਰਨ ਦਾ ਮਾਣ ਹਾਸਲ ਕੀਤਾ ਸੀ। ਉਹ 2014 ਦੀਆਂ ਕਾਮਵੈਲਥ ਗੇਮਾਂ ਸਮੇਂ ਵੀ ਭਾਰਤੀ ਹਾਕੀ ਟੀਮ ਵਿੱਚ ਸ਼ਾਮਿਲ ਸਨ ਜਿਸ ਨੇ ਚਾਂਦੀ ਦਾ ਤਮਗਾ ਪ੍ਰਾਪਤ ਕੀਤਾ ਸੀ। ਉਸ ਨੇ ਦਸਮੇਸ਼ ਹਾਕੀ ਅਕੈਡਮੀ ਰੂਪਨਗਰ ਅਤੇ ਚੰਡੀਗੜ੍ਹ ਹਾਕੀ ਅਕੈਡਮੀ ਵਿੱਚ ਸਿਖਲਾਈ ਪ੍ਰਾਪਤ ਕੀਤੀ ਸੀ। ਉਹ ਇਸ ਸਮੇਂ ਪੰਜਾਬ ਪੁਲਿਸ ਵਿੱਚ ਡੀ.ਐਸ.ਪੀ ਦੇ ਅਹੁਦੇ 'ਤੇ ਤਾਇਨਾਤ ਹੈ।



ਸੈਣੀ ਬਰਾਦਰੀ ਦੇ **ਹਰਗੁਰਦੀਪ ਸਿੰਘ ਸੈਣੀ** (ਦੀਪ ਸੈਣੀ) ਕੈਨੇਡਾ ਵਿੱਚ ਮੈਕਗਿਲ ਯੂਨੀਵਰਸਿਟੀ ਦੇ ਪ੍ਰਿਸੀਪਲ ਅਤੇ ਵਾਈਸ ਚਾਂਸਲਰ ਨਿਯੁਕਤ ਹੋਏ ਹਨ। ਉਹ ਪਹਿਲਾਂ ਇਸ ਦੇਸ਼ ਦੀ ਡਲਹੌਜ਼ੀ ਯੂਨੀਵਰਸਿਟੀ ਵਿੱਚ ਵਾਈਸ ਚਾਂਸਲਰ ਸਨ। ਪੰਜਾਬ ਦੇ ਜ਼ਿਲ੍ਹਾ ਐਸ.ਬੀ.ਐਸ ਦੇ ਪਿੰਡ ਪਠਲਾਵਾ ਦੇ ਜੰਮਪਲ ਦੀਪ ਸੈਣੀ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਖੇਤੀਬਾੜੀ ਵਿਸ਼ੇ ਵਿੱਚ ਐਮ.ਐਸ.ਸੀ ਪਾਸ ਕੀਤੀ ਅਤੇ ਯੂਨੀਵਰਸਿਟੀ ਆਫ਼ ਐਡਲੇਡ (ਅਸਟਰੇਲੀਆ) ਤੋਂ ਪਲਾਂਟ ਫਿਜ਼ਿਓਲੋਜੀ ਵਿੱਚ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ। ਉਹ ਕਈ ਸਾਲਾਂ ਤੱਕ ਮੌਂਟਰੀਅਲ ਵਿਖੇ ਪਲਾਂਟ ਬਾਇਓਲੋਜੀ ਰਿਸਰਚ ਇੰਸਟੀਚਿਊਟ ਦੇ ਮਾਣਮੱਤੇ ਡਾਇਰੈਕਟਰ ਜਨਰਲ ਅਹੁਦੇ 'ਤੇ ਤਾਇਨਾਤ ਰਹੇ ਅਤੇ ਫਿਰ ਕੈਨਬਰਾ ਅਤੇ ਟਰਾਂਟੋ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਵੀ ਰਹਿ ਚੁੱਕੇ ਹਨ। ਉਹ ਵਿਸ਼ਵ ਪੱਧਰੀ ਵਿਗਿਆਨੀ ਅਤੇ ਸਿੱਖਿਆ ਖੇਤਰ ਦੇ ਪ੍ਰਬੰਧਕ ਵਜੋਂ ਪ੍ਰਸਿੱਧ ਹਨ। ਸਾਰੀ ਸੈਣੀ ਬਰਾਦਰੀ ਨੂੰ ਆਪ ਦੀ ਪ੍ਰਤਿਭਾ ਅਤੇ ਲਿਆਕਤ 'ਤੇ ਮਾਣ ਹੈ।



ਪੰਜਾਬ ਦੇ ਜ਼ਿਲ੍ਹਾ ਐੱਸ.ਬੀ.ਐੱਸ. ਨਗਰ ਦੇ ਪਿੰਡ ਗੋਬਿੰਦਪੁਰ ਦਾ ਜੰਮਪਲ **ਸ. ਬਲਵਿੰਦਰ ਸਿੰਘ ਨੰਨੂਆ** ਅੰਤਰਰਾਸ਼ਟਰੀ ਪੱਧਰ ਦਾ ਸਮਾਜਸੇਵੀ ਹੈ।ਉਹ ਇਸ ਸਮੇਂ ਇੰਗਲੈਂਡ ਦਾ ਪੱਕਾ ਨਿਵਾਸੀ ਹੈ, ਜਿੱਥੇ ਉਸਨੇ ਖ਼ਾਲਸਾ ਇੰਟਰਨੈਸ਼ਨਲ ਵੈਲਫੇਅਰ ਸੁਸਾਇਟੀ ਦਾ ਗੱਠਨ ਕੀਤਾ ਹੈ ਜਿਸਦਾ ਉਹ ਪ੍ਰਧਾਨ ਹੈ। ਇਸ ਸੰਸਥਾ ਨੇ ਪਾਕਿਸਤਾਨ ਵਿੱਚ ਮੌਜੂਦ ਸਿੱਖ ਧਾਰਮਿਕ ਸਥਾਨਾਂ ਦੇ ਨਵੀਨੀਕਰਨ ਵਿੱਚ ਮੁੱਖ ਭੂਮਿਕਾ ਨਿਭਾਈ ਹੈ ਅਤੇ ਭਾਰਤ ਵਿੱਚ ਵੀ ਲੋੜਵੰਦ ਅਤੇ ਗਰੀਬ ਪਰਿਵਾਰਾਂ ਨੂੰ ਡਾਕਟਰੀ ਅਤੇ ਹੋਰ ਲੋੜਾਂ ਉਪਲੱਬਧ ਕਰਵਾਈਆਂ ਹਨ। ਸ.ਬਲਵਿੰਦਰ ਸਿੰਘ ਨੰਨੂਆਂ ਨੇ ਬ੍ਰਿਟਿਸ਼ ਸਿੱਖ ਕੌਂਸਲ ਦੇ ਮੀਤ ਪ੍ਰਧਾਨ ਵਜੋਂ ਕੰਮ ਕੀਤਾ ਅਤੇ ਭਾਰਤ ਵਿੱਚ ਸਿਕਲੀਗਰ, ਵਣਜਾਰ, ਸਤਨਾਮੀਆਂ, ਕਬੀਰਪੰਥੀ ਅਤੇ ਲੁਬਾਣਾ ਸਿੱਖਾਂ ਦੀ ਹਰ ਪ੍ਰਕਾਰ ਨਾਲ ਮੱਦਦ ਕੀਤੀ। ਇਸ ਸੁਸਾਇਟੀ ਨੇ ਇੰਗਲੈਂਡ ਵਿੱਚ 45 ਤੋਂ ਵੱਧ ਔਰਤਾਂ ਦੇ ਪੁਨਰ ਵਿਆਹ ਕਰਵਾਏ ਅਤੇ ਅੱਖਾਂ ਦੇ ਮੁਫ਼ਤ ਕੈਂਪ ਲਗਾਏ। ਆਪ 24 ਸਾਲਾਂ ਤੋਂ ਮਨੁੱਖਤਾ ਦੀ ਨਿਸ਼ਕਾਮ ਸੇਵਾ ਕਰ ਰਹੇ ਹਨ।



# ਖੱਬੀਖਾਨ ਫੁਟਬਾਲਰ ਲਾਇਨਲ ਮੈਸੀ

ਸੁਖਵਿੰਦਰਜੀਤ ਸਿੰਘ
ਮਨੌਲੀ

(ਸੰਨ 1904 ਵਿੱਚ ਹੋਂਦ ਵਿੱਚ ਆਈ ਫ਼ੈਡਰੇਸ਼ਨ ਇੰਟਰਨੈਸ਼ਨਲ ਫੁੱਟਬਾਲ ਐਸੋਸੀਏਸ਼ਨ(ਫ਼ੀਫ਼ਾ) ਦਾ 22ਵਾਂ ਵਿਸ਼ਵ ਫੁੱਟਬਾਲ ਮੈਚ 20 ਨਵੰਬਰ ਤੋਂ 18 ਦਸੰਬਰ, 2022 ਤੱਕ ਕਤਰ ਦੇਸ਼ ਦੇ ਅੱਠ ਸਟੇਡੀਅਮਾਂ ਵਿੱਚ ਚੱਲਿਆ। ਇਸ ਵਿੱਚ ਪੰਜ ਉੱਪ ਮਹਾਂਦੀਪਾਂ ਦੇ 32 ਦੇਸ਼ਾਂ ਦੀਆਂ ਚੋਣਵੀਆਂ ਟੀਮਾਂ ਨੇ ਭਾਗ ਲਿਆ। ਲੁਸੇਲ ਸਟੇਡੀਅਮ ਵਿਚ ਖੇਡੇ ਗਏ ਫਾਈਨਲ ਮੈਚ ਵਿੱਚ ਅਰਜਨਟੀਨਾ ਨੇ ਫਰਾਂਸ ਨੂੰ ਹਰਾ ਕੇ 36 ਸਾਲਾਂ ਦੇ ਵਕਫ਼ੇ ਤੋਂ ਬਾਅਦ ਤੀਜੀ ਵਾਰ ਗੋਲਡ ਕੱਪ ਜਿੱਤ ਲਿਆ। ਪਹਿਲਾਂ ਇਸ ਦੇਸ਼ ਨੇ 1978 ਤੇ 1986 ਵਿੱਚ ਸੋਨ ਕੱਪ ਜਿੱਤਿਆ ਸੀ। ਇਸ ਜਿੱਤ ਦਾ ਸਿਹਰਾ ਟੀਮ ਦੇ ਕਪਤਾਨ ਲਿਓਨਲ ਮੈਸੀ ਦੇ ਸਿਰ ਬੱਝਦਾ ਹੈ ਜਿਸ ਨੇ ਐਨ ਮੌਕੇ ਤੇ ਗੋਲ ਕਰ ਕੇ ਆਪਣੀ ਖੇਡ ਤਕਨੀਕ ਦਾ ਮੁਜ਼ਾਹਰਾ ਕੀਤਾ। ਉਸ ਨੂੰ ਸਭ ਤੋਂ ਵਧੀਆ ਖਿਡਾਰੀ ਐਲਾਨ ਕੇ ਗੋਲਡਨ ਬਾਲ ਪ੍ਰਦਾਨ ਕੀਤਾ ਗਿਆ, ਜਦੋਂ ਕਿ ਪੂਰੇ ਮੈਚ ਦੌਰਾਨ ਸਭ ਤੋਂ ਵੱਧ 8 ਗੋਲ ਕਰਨ ਵਾਲੇ ਫਰਾਂਸ ਦੇ ਖਿਡਾਰੀ ਕਾਇਲਿਅਨ ਐਮਬਾਪੇ ਨੂੰ ਗੋਲਡਨ ਬੂਟ ਨਾਲ ਸਨਮਾਨਿਤ ਕੀਤਾ ਗਿਆ। ਹੁਣ ਲਿਓਨਲ ਮੈਸੀ, ਬਰਾਜ਼ੀਲ ਦੇ ਪੇਲੇ ਤੇ ਨੇਮਾਰ, ਅਰਜਨਟੀਨਾ ਦੇ ਡਿਏਗੋ ਮਾਰਾਡੋਨਾ ਅਤੇ ਪੁਰਤਗਾਲ ਦੇ ਰੋਨਾਲਡੋ ਜਿਹੇ ਵਿਸ਼ਵ ਪੱਧਰੀ ਬਿਹਤਰੀਨ ਖਿਡਾਰੀਆਂ ਦੀ ਲਾਈਨ ਵਿੱਚ ਖੜ੍ਹ ਗਿਆ ਹੈ।)

ਅਰਜਨਟੀਨੀ ਟੀਮ ਦਾ ਤੂਫ਼ਾਨੀ ਸਟਰਾਈਕਰ ਮੈਸੀ ਲਾਇਨਲ ਫੁਟਬਾਲ ਖੇਡਣ ਦੇ ਵਹਿਣ 'ਚ ਵਹਿਆ ਟੀਸੀ 'ਤੇ ਪਹੁੰਚਣ ਲਈ ਫੁਟਬਾਲ ਦੇ ਅੰਬਰ ਨੂੰ ਪੌੜੀ ਲਾ ਰਿਹਾ ਹੈ। ਉਹ ਖਿਡਾਰੀ ਕਾਹਦਾ ਨਿਰਾ ਫੁਟਬਾਲ ਖੇਡ ਦਾ ਮੁਜੱਸਮਾ ਹੈ। ਸੰਸਾਰ ਦੇ ਫੁਟਬਾਲ ਦੇ ਨਕਸ਼ੇ ਤੇ ਪੂਰੀ ਤਰ੍ਹਾਂ ਛਾਏ ਹੋਏ ਮੈਸੀ ਦੀਆਂ ਗੁੱਝੀਆਂ ਰਮਜ਼ਾਂ ਹੀ ਕੁਝ ਹੋਰ ਹਨ, ਜਿਸ ਲਈ ਉਸ ਦੀ ਖੇਡ ਦੀ ਚਰਚਾ ਅੱਜ ਖੁੰਢਾਂ ਤੋਂ ਲੈ ਕੇ ਫੁਟਬਾਲ ਖੇਡ ਦੇ ਸੈਕਟਰੀਏਟ ਤੱਕ ਹੁੰਦੀ ਹੈ। ਮੈਦਾਨ 'ਚ ਖੇਡਦੇ ਸਮੇਂ ਵਿਰੋਧੀ ਟੀਮਾਂ ਦੀ ਜਿੱਤ ਦੇ ਭਰਮ ਤੋੜਨ ਵਾਲਾ ਮੈਸੀ ਪੈਰਾਂ ਦੇ ਜਾਦੂ ਨਾਲ ਜਦੋਂ ਵਿਰੋਧੀਆਂ 'ਤੇ ਤੂਫਾਨ ਲਿਆਉਂਦਾ ਹੈ ਤਾਂ ਉਹ ਕਿਸੇ ਲੰਡੇ-ਟੁੰਡੇ ਦੀ ਪਰਵਾਹ ਨਹੀਂ ਕਰਦਾ। ਹੇਰੀਆਂ ਤੇ ਚਕਮਾ ਦੇਣ 'ਚ ਮਾਹਿਰ ਮੈਸੀ ਜਦੋਂ ਫੁਟਬਾਲ ਖੇਡਣ ਦੇ ਅਸਲੀ ਧੁੰਨ ਭਾਵ ਰੰਗ 'ਚ ਆਉਂਦਾ ਹੈ ਤਾਂ ਉਹ ਜਿੱਤ ਦੇ ਸਮੁੰਦਰ 'ਚ ਤੈਰਦਾ ਨਜ਼ਰ ਆਉਂਦਾ ਹੈ। ਸੱਚਮੁੱਚ ਹੀ ਉਹ ਪਾਣੀਆਂ ਨੂੰ ਅੱਗ ਲਾਉਣ ਵਾਲਾ ਫੁਟਬਾਲਰ ਹੈ।

ਮੈਸੀ ਇੱਕ ਸਿਦਕਵਾਨ ਫੁਟਬਾਲਰ ਹੈ ਜੋ ਖੇਡਦੇ ਵਕਤ ਕਦੇ ਵੀ ਹੌਸਲਾ ਨਹੀਂ ਹਾਰਦਾ। ਮੈਸੀ ਦੀ ਖੇਡ ਦੀ ਪ੍ਰਸ਼ੰਸਾ ਦੀ ਵਕਾਲਤ ਉਸ ਦੇ ਆਲੋਚਕ ਵੀ ਕਰਦੇ ਹਨ ਕਿ ਜਦੋਂ ਮੈਸੀ ਮੈਦਾਨ 'ਚ ਖੜ੍ਹਾ ਹੋਵੇ ਤਾਂ ਉਸ ਦੀ ਟੀਮ ਦੀ ਹਾਰਨ ਦੀ ਪੇਸ਼ੀਨਗੋਈ ਨਹੀਂ ਕੀਤੀ ਜਾ ਸਕਦੀ। ਕਿਹਾ ਜਾਂਦਾ ਹੈ ਕਿ ਜਦੋਂ ਮੈਸੀ ਗੋਲ ਦਾਗਣ ਦੀ ਆਈ 'ਤੇ ਆਇਆ ਹੋਵੇ ਤਾਂ ਉਸ ਨੂੰ ਗੋਲ ਕਰਨ ਤੋਂ ਫੁਟਵਾਲ ਦਾ ਫ਼ਰਿਸ਼ਤਾ ਵੀ ਨਹੀਂ ਰੋਕ ਸਕਦਾ ਭਾਵ ਕਿ ਗੋਲ ਤਾਂ ਉਹ ਪੱਤਣ 'ਚ ਵੀ ਤਲਾਸ਼ ਲੈਂਦਾ ਹੈ।



ਮੈਸੀ ਦਾ ਪਸੰਦੀਦਾ ਸਪੇਨ ਦਾ ਬਾਰਸੀਲੋਨਾ ਫੁਟਬਾਲ ਅਕੈਡਮੀ (ਕਲੱਬ) ਹੈ ਜਿਸ ਨਾਲ ਉਹ 11 ਸਾਲ ਦੀ ਉਮਰ 'ਚ ਖਿਡਾਰੀ ਨਾਮਜ਼ਦ ਹੋਇਆ। ਅਕਤੂਬਰ 16, 2004 ਚ 17 ਸਾਲ 114 ਦਿਨ ਦੀ ਉਮਰ 'ਚ ਮੈਸੀ ਨੇ ਬਾਰਸੀਲੋਨਾ ਕਲੱਬ ਦੀ ਸੀਨੀਅਰ ਟੀਮ 'ਚ ਦਾਖਲਾ ਪਾਉਂਦਿਆਂ ਹੀ ਮੈਦਾਨ 'ਚ ਪਲੇਠਾ ਮੈਚ ਖੇਡਿਆ। ਇਸ ਤਰਾਂ ਦੀ ਉਪਲੱਬਧੀ ਹਾਸਲ ਕਰਨ ਵਾਲਾ ਮੈਸੀ ਵਿਸ਼ਵ ਫੁਟਬਾਲ ਵਿੱਚ ਤੀਜਾ ਅਤੇ ਬਾਰਸੀਲੋਨਾ ਫੁਟਬਾਲ ਕਲੱਬ ਚ ਛੋਟੀ ਉਮਰੇ ਖੇਡਣ ਵਾਲਾ ਪਹਿਲਾ ਫੁਟਬਾਲਰ ਬਣਿਆ। ਇਥੇ ਬਸ ਨਹੀਂ, ਮੈਸੀ ਨੇ ਬਾਰਸੀਲੋਨਾ ਵਲੋਂ ਖੇਡਦਿਆਂ 17 ਸਾਲ, 10 ਮਹੀਨੇ ਤੇ 7 ਦਿਨ ਦੀ ਨਿਆਣੀ ਉਮਰ 'ਚ ਅਲਬਰੇਟ ਫੁਟਬਾਲ ਕਲੱਬ ਵਿਰੁੱਧ ਗੋਲ ਕਰਕੇ ਆਪਣੇ ਹੀ ਕਲੱਬ ਦੇ ਸੀਨੀਅਰ ਫੁਟਬਾਲਰ ਬੋਜਨ ਕਰਕਿਕ ਵਲੋਂ ਬਣਾਇਆ ਰਿਕਾਰਡ ਮਾਤ ਕੀਤਾ। ਉਸ ਦਾ ਇਸ ਕਲੱਬ ਨਾਲ ਪਹਿਲਾ ਖੇਡ ਕਰਾਰ 2013 ਤੱਕ ਸੀ ਜੋ ਉਸ ਨੇ 2016 ਤੱਕ 9.5 ਮਿਲੀਅਨ ਪੌਂਡ ਸਾਲਾਨਾ ਖੇਡ ਫੀਸ ਨਾਲ ਕੀਤਾ।

ਮੈਸੀ ਲਾਇਨਲ ਦਾ ਜਨਮ 24 ਜੂਨ, 1987 ਨੂੰ ਅਰਜਨਟੀਨਾ ਦੇ ਫੁਟਬਾਲ ਅਤੇ ਹਾਕੀ ਖੇਡਣ ਲਈ ਮਸ਼ਹੂਰ ਸ਼ਹਿਰ ਰੋਸਾਰਿਉ 'ਚ ਫੈਕਟਰੀ ਕਾਮੇ ਜੋਰਜ ਮੈਸੀ ਦੇ ਗ੍ਰਹਿ ਵਿਖੇ ਹੋਇਆ। ਸਿਲੀਆ ਕੁਕਟੀਨੀ ਦੀ ਕੁੱਖੋਂ ਪੈਦਾ ਹੋਏ ਮੈਸੀ ਦੀ ਮਾਂ ਇਕ ਪਾਰਟ ਟਾਈਮ ਸਫਾਈ ਵਰਕਰ ਸੀ। ਮੈਸੀ ਦੇ ਦੋ ਵੱਡੇ ਭਰਾ ਰੋਡਰੀਗੋ ਮੈਸੀ ਤੇ ਮਤਿਆਜ਼ ਮੈਸੀ ਤੋਂ ਇਲਾਵਾ ਇਕ ਛੋਟੀ ਭੈਣ ਮਾਰੀਆ ਮੈਸੀ ਵੀ ਹੈ। ਮੈਸੀ ਦੇ ਦੋ ਚਚੇਰੇ ਭਰਾ,ਮੈਕਸੀ ਮੈਸੀ ਅਤੇ ਐਮਾਨੂਲ ਮੈਸੀ ਵੀ ਅਰਜਨਟੀਨਾ ਦੀ ਫੁਟਬਾਲ ਟੀਮ ਦੇ ਕੌਮੀ ਖਿਡਾਰੀ ਰਹਿ ਚੁੱਕੇ ਹਨ।

ਮੈਸੀ ਦੀ ਕੌਮਾਂਤਰੀ ਫੁਟਬਾਲ 'ਚ ਕਦਮ ਰੱਖਣ ਦੀ ਕਹਾਣੀ ਰੌਚਿਕ ਹੋਣ ਦੇ ਨਾਲ-ਨਾਲ ਦੁਖਦਾਈ ਵੀ ਹੈ। ਮੈਸੀ ਨੇ 5 ਸਾਲ ਦੀ ਉਮਰ 'ਚ ਰੋਸਾਰਿਉ ਦੇ ਨਿੱਜੀ ਫੁਟਬਾਲ ਕਲੱਬ

ਗਰੈਂਡੋਲੀ ਦੀ ਫੁਟਬਾਲ ਅਕਾਡਮੀ ਦੀ ਟੀਮ ਵਲੋਂ ਖੇਡਣ ਦੀ ਸ਼ੁਰਆਤ ਕੀਤੀ। ਮੈਸੀ ਦਾ ਪਿਤਾ ਉਸ ਸਮੇਂ ਅਕਾਡਮੀ ਦਾ ਮੁੱਖ ਕੋਚ ਸੀ। ਇਸ ਕਲੱਬ ਦੀ ਮੈਡੀਕਲ ਲੈਬ 'ਚ ਕੀਤੇ ਸਰੀਰਕ ਟੈਸਟਾਂ 'ਚ ਮੈਸੀ ਦੇ ਸਰੀਰ ਵਿੱਚ ਹਾਰਮੋਨ ਤੇ ਮਸਲ ਵਧਣ ਦੀ ਅਜਿਹੀ ਬਿਮਾਰੀ ਦੇ ਲੱਛਣ ਪਾਏ ਗਏ ਜੋ ਉਸ ਦੇ ਸਰੀਰਕ ਵਾਧੇ ਦੇ ਨਾਲ ਕਈ ਪੱਖਾਂ ਤੋਂ ਮਾਰੂ ਸਿੱਧ ਹੋ ਸਕਦੇ ਸਨ। ਪਰੀਮੇਰਾ ਡਿਵੀਜ਼ਨ ਕਲੱਬ ਰੀਵਰ ਪਲੇਟ ਵਾਲਿਆਂ ਨੇ ਸੁਨਹਿਰੀ ਮੌਕਾ ਸਾਂਭਦਿਆਂ ਮੈਸੀ ਦੀ ਬਿਮਾਰੀ ਦੇ ਇਲਾਜ ਦਾ ਖਰਚਾ ਚੁੱਕਣ ਦਾ ਐਲਾਨ ਕਰ ਦਿੱਤਾ ਜੋ ਕਰੀਬ 900 ਪੌਂਡ ਦੇ ਕਰੀਬ ਆਉਣ ਦੀ ਸੰਭਾਵਨਾ ਸੀ। ਬਾਰਸੀਲੋਨਾ ਕਲੱਬ ਨਾਲ ਖੇਡ ਸਮਝੌਤੇ 'ਚ ਇਹ ਤੈਅ ਹੋਇਆ ਕਿ ਮੈਸੀ ਦੇ ਵਿਦੇਸ਼ 'ਚ ਰਹਿਣ-ਸਹਿਣ ਤੇ ਖੇਡ ਖਰਚਿਆਂ ਤੋਂ ਇਲਾਵਾ ਮੈਡੀਕਲ ਬਿਲਾਂ ਦੀ ਅਦਾਇਗੀ ਕਲੱਬ ਦੇ ਵਿੱਤ ਵਿਭਾਗ ਦੇ ਐਮਰਜੈਂਸੀ ਖਰਚਿਆਂ ਚੋਂ ਕੀਤੀ ਜਾਵੇਗੀ। ਇਸ ਲਈ ਪਰਿਵਾਰ ਨੂੰ ਦੇਸ਼ ਛੱਡ ਬਾਰਸੀਲੋਨਾ 'ਚ ਮੈਸੀ ਨਾਲ ਆਉਣ ਦਾ ਕੌੜਾ ਘੁੱਟ ਭਰਨਾ ਪਿਆ।

ਹੁਣ ਮੈਸੀ ਦੀ ਫੁਟਬਾਲ ਦੀ ਚੜ੍ਹਤ ਕੁੱਲ ਦੁਨੀਆ ਦੇ ਚਾਰੇ ਖੂੰਜਿਆਂ 'ਚ ਫੈਲੀ ਹੋਈ ਹੈ। ਅਰਜਨਟੀਨਾ ਦੇ ਸਾਬਕਾ ਸੁਪਰ ਸਟਾਰ ਡਿਆਗੋ ਮੈਰਾਡੋਨਾ ਨੇ 2005 'ਚ ਜਰਮਨ ਵਿਸ਼ਵ ਫੁਟਬਾਲ ਕੱਪ ਖੇਡਣ ਵਾਲੀ ਫੁਟਬਾਲ ਟੀਮ 'ਚ ਸ਼ੁਮਾਰ ਸਟਰਾਈਕਰ ਮੈਸੀ ਬਾਰੇ ਇਹ ਟਿੱਪਣੀ ਕਿ ਉਹ ਵਿਰੋਧੀ ਟੀਮਾਂ ਦੇ ਮਿੱਡਫੀਲਡ ਨੂੰ ਸੇਧ ਲਾਉਣ ਦੀ ਕਾਬਲੀਅਤ ਦਾ ਮਾਲਕ ਹੈ ਅਤੇ ਨਰੋਈਆਂ ਟੀਮਾਂ ਦੀ ਰੱਖਿਅਕ ਰੇਖਾ 'ਚ ਪਾੜ ਪਾਉਣਾ ਹੀ ਉਸ ਦੀ ਖੇਡ ਦਾ ਖਾਸ ਪਹਿਲੂ ਹੈ। ਮੈਰਾਡੋਨਾ ਨੇ ਮੈਸੀ ਨੂੰ ਆਪਣੇ ਵਜ਼ਨ ਦਾ ਫੁਟਬਾਲਰ ਮੰਨਿਆਂ ਸੀ।

ਅਰਜਨਟੀਨੀ ਅੰਡਰ-20 ਫੁਟਬਾਲ ਟੀਮ ਨੂੰ ਹਾਲੈਂਡ 'ਚ 2005 'ਚ ਖੇਡੀ ਗਈ ਫੀਫਾ ਸੰਸਾਰ ਫੁਟਬਾਲ ਚੈਂਪੀਅਨਸ਼ਿਪ ਜਿਤਾਉਣ ਵਾਲੇ ਮੈਸੀ ਨੂੰ ਸੁਨਹਿਰੀ ਬਾਲ ਅਤੇ ਗੋਲਡਨ ਬੂਟ ਦੇ ਵੱਡੇ ਖੇਡ ਸਨਮਾਨਾਂ ਦਾ ਅਸਲ ਹੱਕਦਾਰ ਮੰਨਿਆ ਗਿਆ। ਕੇਇਚਿੰਗ-2008 ਓਲੰਪਿਕ 'ਚ ਅਰਜਨਟੀਨੀ ਫੁਟਬਾਲ ਟੀਮ ਨੂੰ ਚੈਂਪੀਅਨ ਬਣਾਉਣ ਦੇ ਮੰਚ 'ਤੇ ਚੜ੍ਹਾਉਣ ਲਈ ਤੂਫਾਨੀ ਸਟਰਾਈਕਰ ਮੈਸੀ ਦੇ ਸਿਰ ਤੇ ਹੀ ਜਿੱਤ ਦਾ ਤਾਜ ਸਜਾਇਆ ਗਿਆ। ਐਵਰੀ ਕੋਸਟ ਦੀ ਟੀਮ ਖਿਲਾਫ ਪਹਿਲਾ ਗੋਲ ਦਾਗ ਕੇ ਮੈਸੀ ਨੇ ਓਲੰਪਿਕ ਫੁਟਬਾਲ 'ਚ ਆਪਣਾ ਗੋਲ ਖਾਤਾ ਖੋਲ੍ਹਿਆ। ਹਾਲੈਂਡ ਦੀ ਡੱਚ ਟੀਮ ਵਿਰੁੱਧ ਲੀਗ ਮੈਚ 'ਚ ਪਹਿਲਾ ਗੋਲ ਕਰਨ ਵਾਲੇ ਮੈਸੀ ਨੇ ਹੀ ਐਂਜਲ ਡੀ ਮਾਰੀਆ ਨੂੰ ਟੀਮ ਲਈ ਜੇਤੂ ਗੋਲ ਕਰਨ ਦਾ ਸ਼ਾਨਦਾਰ ਮੂਵ ਮੁਹੱਈਆ ਕਰਵਾਇਆ ਜਿਸ ਸਦਕਾ ਅਰਜਨਟੀਨੀ ਟੀਮ ਨੇ ਡੱਚ ਟੀਮ ਨੂੰ 2-1 ਗੋਲ ਅੰਤਰ ਹਰਾਉਣ ਚ ਕਾਮਯਾਬੀ ਹਾਸਲ ਕੀਤੀ। ਤੀਜੇ ਲੀਗ ਮੈਚ 'ਚ ਅਰਜਨਟੀਨੀ ਟੀਮ ਨੇ ਮੈਸੀ ਦੀ ਕ੍ਰਿਸ਼ਮਈ ਖੇਡ ਸਦਕਾ ਫੁਟਬਾਲ ਦੀ ਜਾਦੂਮਈ ਬਰਾਜ਼ੀਲੀ ਫੁਟਬਾਲ ਟੀਮ ਨੂੰ 3-0 ਗੋਲਾਂ ਨਾਲ ਹਰਾ ਕੇ ਆਪਣਾ ਜੇਤੂ ਸਫਰ ਜਾਰੀ ਰੱਖਿਆ। ਓਲੰਪਿਕ ਫੁਟਬਾਲ ਦੇ ਫਾਈਨਲ 'ਚ ਨਾਇਜੀਰੀਅਨ ਟੀਮ ਖਿਲਾਫ ਭਾਵੇਂ ਇਕੋ-ਇਕ ਜੇਤੂ ਗੋਲ ਦਾਗਣ ਦਾ ਸਿਹਰਾ ਐਂਜਲ ਜੀ ਮਾਰੀਆ ਹਿੱਸੇ ਆਇਆ ਪਰ ਇਸ ਗੋਲ ਨੂੰ ਬਣਾਉਣ 'ਚ ਦਿਲ-ਦਿਮਾਗ ਮੈਸੀ ਦਾ ਹੀ ਸੀ।

ਮੈਸੀ ਨੇ ਜਨਵਰੀ,2009 'ਚ ਆਪਣੇ ਸ਼ਹਿਰ ਦੀ ਘਰੇਲੂ ਕੁੜੀ ਅੰਟੋਨੇਲਾ ਰੋਕਾਜ਼ੋ ਨਾਲ ਵਿਆਹ ਕਰਵਾਇਆ ਜਿਸ ਦੀ ਕੁਖੋਂ ਇੱਕ ਪੁੱਤਰ ਥਿਆਗੋ ਮੈਸੀ ਪੈਦਾ ਹੋਇਆ। ਉਸ ਦਾ ਆਪਣੇ ਸ਼ਹਿਰ ਦੀ ਮੈਕਰੀਨਾ ਲਿਮੋਸ  ਨਾਲ ਵੀ ਪਿਆਰ ਸਬੰਧ ਸੀ। ਮੈਸੀ ਦਾ ਨਾਂ ਅਰਜਨਟੀਨਾ ਦੀ ਪ੍ਰਸਿੱਧ ਮਾਡਲ ਲੂਸੀਆਨਾ ਸਲਾਜ਼ਰ ਨਾਲ ਵੀ ਜੁੜਿਆ।

ਮੈਸੀ, ਜਰਮਨੀ ਦੀ ਖੇਡ ਵਸਤਰ ਬਣਾਉਣ ਵਾਲੀ ਐਡੀਡਾਸ ਕੰਪਨੀ ਲਈ ਟੈਲੀਵੀਜ਼ਨ 'ਤੇ ਫੁਟਬਾਲ ਖੇਡ ਸਬੰਧੀ ਲੰਮੇ ਸਮੇਂ ਤੋਂ ਬਰਾਂਡ ਅੰਬੈਸਡਰ ਹੈ। ਫੀਫਾ ਅੰਡਰ-20 ਸੰਸਾਰ ਫੁਟਬਾਲ ਕੱਪ 'ਚ ਟਾਪ ਸਕੋਰਰ ਤੇ 'ਪਲੇਅਰ ਆਫ ਦਿ ਟੂਰਨਾਮੈਂਟ' ਰਹੇ ਮੈਸੀ ਨੂੰ 2007 ਚ ਅੰਡਰ -20 ਉਮਰ ਵਰਗ ਚ 'ਜੂਨੀਅਰ ਫੁਟਬਾਲਰ ਆਫ ਦਿ ਅਰਜਨਟੀਨਾ' ਦਾ ਮਾਣ ਪ੍ਰਾਪਤ ਹੋਇਆ ਹੈ, ਮੈਸੀ ਨੂੰ ਕੋਪਾ ਅਮੈਰੀਕਨ ਟੂਰਨਾਮੈਂਟ 'ਚ ਯੰਗ 'ਪਲੇਅਰ ਆਫ ਿ ਟੂਰਨਾਮੈਂਟ' ਵੀ ਨਾਮਜ਼ਦ ਕੀਤਾ ਗਿਆ। ਮੈਸੀ ਨੂੰ 2005-06,2006-07,2007-08 'ਚ ਲਗਾਤਾਰ 'ਵਿਸ਼ਵ ਸੌਕਰ ਦਾ ਯੰਗ ਪਲੇਅਰ ਆਫ ਦ ਯੀਅਰ' ਨਾਲ ਸਨਮਾਨਿਆ ਗਿਆ। ਮੈਸੀ ਨੂੰ ਇਐਫਪੀ ਟਰਾਫੀ 'ਚ 2006-07, 2008-09 'ਚ 'ਅਮੈਰੀਕਨ ਪਲੇਅਰ ਇੰਨ ਲਾਲੀਗਾ' ਦਾ ਖਿਤਾਬ ਵੀ ਮਿਲਿਆ। 2006-07, 2007-08 ਚ 'ਵਿਸ਼ਵ ਇਲੈਵਨ ਪਲੇਅਰ' 2007-08 'ਚ 'ਯੂਨਾਈਟਿਡ ਯੂਰਪੀਅਨ ਫੁਟਬਾਲ ਐਸੋਸੀਏਸ਼ਨ ਟੀਮ ਆਫ ਦਿ ਪਲੇਅਰ' 2008 'ਚ 'ਫੀਫਾ ਟੀਮ ਆਫ ਦਿ ਪਲੇਅਰ' 2008-09 ਯੂਰਪੀਅਨ ਚੈਂਪੀਅਨਜ਼ ਲੀਗ 'ਚ 'ਟਾਪ ਸਕੋਰਰ', 2008-09 'ਚ ਯੂਈਐਫਏ ਵਲੋਂ 'ਕਲੱਬ ਫਾਰਵਰਡ ਆਫ ਦਿ ਯੀਅਰ' 2008-09 'ਚ 'ਲਾਤੀਨੀ ਅਮਰੀਕੀ ਬੈਸਟ ਪਲੇਅਰ' ਅਤੇ 'ਲਾਤੀਨੀ ਅਮਰੀਕੀ ਬੈਸਟ ਸਟਰਾਈਕਰ' ਦੇ ਖੇਡ ਖਿਤਾਬ ਵੀ ਮੈਸੀ ਦੇ ਹਿੱਸੇ ਆਏ। ਉਹ ਫੁੱਟਬਾਲ ਖੇਡ ਦਾ ਜਾਦੂਗਰ ਖਿਡਾਰੀ ਹੈ।

❋ ❋ ❋ ❋ ❋

## ਅਪੀਲ

ਸੈਣੀ ਭਵਨ ਰੂਪਨਗਰ ਦੇ ਤਿਮਾਹੀ ਮੈਗਜ਼ੀਨ 'ਸੈਣੀ ਸੰਸਾਰ' ਦੇ ਮੈਂਬਰ ਬਣੋ। ਜੇ ਆਪ ਦਾ ਚੰਦਾ ਮੁੱਕ ਚੁੱਕਾ ਹੈ ਤਾਂ ਸੈਣੀ ਭਵਨ ਦੇ ਦਫ਼ਤਰ ਵਿੱਚ ਆ ਕੇ ਜਾਂ ਇਸ ਦੇ ਬੈਂਕ ਖਾਤੇ ਵਿੱਚ ਹੋਰ ਪੈਸੇ ਜਮ੍ਹਾਂ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ।



# ਪੰਜਾਬੀਆਂ ਦੀ ਵਿਦੇਸ਼ਾਂ ਵਿੱਚ ਚੜ੍ਹਤ

ਦਵਿੰਦਰ ਸਿੰਘ ਜਟਾਣਾ

ਪੰਜਾਬੀ ਮੂਲ ਦਾ **ਰਿਸ਼ੀ ਸੂਨਕ** ਇੰਗਲੈਂਡ ਦਾ ਪ੍ਰਧਾਨ ਮੰਤਰੀ ਬਣਿਆਂ ਹੈ। ਉਸ ਦਾ ਪੜਦਾਦਾ ਰਾਮਦਾਸ ਸੂਨਕ ਅਣਵੰਡੇ ਪੰਜਾਬ ਦੇ ਸ਼ਹਿਰ ਗੁੱਜਰਾਂਵਾਲਾ 'ਚ ਜਨਮਿਆਂ ਅਤੇ 1935 ਵਿੱਚ ਕੀਨੀਆਂ ਦੇ ਸ਼ਹਿਰ ਨੈਰੋਬੀ ਵਿਖੇ ਨੌਕਰੀ ਕਰਨ ਲੱਗਾ। ਉਸ ਦਾ ਪੜਨਾਨਾ ਰਘੁਬੀਰ ਬੈਰੀ ਤਨਜ਼ਾਨੀਆਂ ਵਿਖੇ ਇੱਕ ਅਧਿਕਾਰੀ ਸੀ। ਇਹ ਪਰਿਵਾਰ 1960ਵਿਆਂ ਵਿੱਚ ਇੰਗਲੈਂਡ ਆ ਵਸੇ। ਰਿਸ਼ੀ ਦਾ ਪਿਤਾ ਯਸ਼ਵੀਰ ਸੂਨਕ ਡਾਕਟਰ ਅਤੇ ਮਾਂ ਊਸ਼ਾ ਸੂਨਕ ਫਾਰਮਾਸਿਸਟ ਹਨ। ਰਿਸ਼ੀ ਸੂਨਕ ਨੇ ਇੰਗਲੈਂਡ ਦੀ ਆਕਸਫੋਰਡ ਯੂਨੀਵਰਸਿਟੀ ਅਤੇ ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਤੋਂ ਪੜ੍ਹਾਈ ਕੀਤੀ। ਉਸ ਦਾ ਵਿਆਹ ਭਾਰਤੀ ਕੰਪਨੀ ਇੰਨਫੋਸਿਸ ਦੇ ਬਾਨੀ ਐਚ.ਆਰ. ਨਰਾਇਣ ਮੂਰਤੀ ਦੀ ਬੇਟੀ ਅਕਸ਼ਤਾ ਮੂਰਤੀ ਨਾਲ ਹੋਇਆ। ਉਹ 2015, 2017 ਅਤੇ 2019 ਵਿੱਚ ਕੰਜ਼ਰਵੇਟਿਵ ਪਾਰਟੀ ਦੀ ਟਿਕਟ 'ਤੇ ਇੰਗਲੈਂਡ ਦੀ 'ਹਾਊਸ ਆਫ਼ ਕਾਮਨਜ਼' ਦਾ ਮੈਂਬਰ ਚੁਣਿਆਂ ਗਿਆ। ਉਹ 2020 ਵਿੱਚ ਵਿਤ ਮੰਤਰੀ ਬਣਿਆਂ ਅਤੇ 2022 ਵਿੱਚ ਬੋਰਿਸ ਜੌਹਨ ਅਤੇ ਫਿਰ ਲਿਜ਼ ਟਰੱਸ ਵਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਕਾਰਨ ਇਸ ਉੱਚ ਅਹੁਦੇ ਲਈ ਚੁਣਿਆਂ ਗਿਆ। ਉਹ ਇੰਗਲੈਂਡ ਦਾ ਪਹਿਲਾ ਪ੍ਰਧਾਨ ਮੰਤਰੀ ਹੈ ਜੋ ਗੋਰੀ ਨਸਲ 'ਚੋਂ ਨਹੀਂ ਹੈ। ਰਿਸ਼ੀ ਸੂਨਕ ਦੀ ਇਹ ਸਫ਼ਲਤਾ ਸਿਆਸੀ, ਸਮਾਜਿਕ ਤੇ ਸੱਭਿਆਚਾਰਕ ਪੱਖਾਂ ਤੋਂ ਇੰਗਲੈਂਡ ਦੇ ਇਤਿਹਾਸ ਦਾ ਮੀਲ ਪੱਥਰ ਹੈ।



ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਨਵੀਂ ਬਣੀ ਨਿਊ ਡੈਮੋਕਰੈਟਿਕ ਪਾਰਟੀ ਦੀ ਸਰਕਾਰ ਪੰਜਾਬੀ ਮੂਲ ਦੇ ਚਾਰ ਵਿਅਕਤੀਆਂ ਨੂੰ ਵਜ਼ੀਰ ਬਣਾ ਕੇ ਪੰਜਾਬੀਆਂ ਨੂੰ ਮਾਣ ਬਖਸ਼ਿਆ ਹੈ। ਇਹ ਹਨ- **ਜਗਰੂਪ ਬਰਾੜ, ਹੈਰੀ ਬੈਂਸ, ਰਵੀ ਕਾਹਲੋਂ ਅਤੇ ਰਚਨਾ ਸਿੰਘ।** ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਉਣ ਦੇ ਪਿਛੋਕੜ ਵਾਲੇ ਜਗਰੂਪ ਬਰਾੜ ਨੂੰ ਵਪਾਰ ਮੰਤਰੀ ਬਣਾਇਆ ਗਿਆ ਹੈ। ਉਹ ਪਹਿਲਾਂ ਤਿੰਨ ਵਾਰ ਐਮ.ਐਲ.ਏ ਰਹਿ ਚੁੱਕੇ ਹਨ। ਉਸ ਨੇ ਮੈਨੀਟੋਬਾ ਯੂਨੀਵਰਸਿਟੀ ਤੋਂ ਐਮ.ਏ(ਪਬਲਿਕ ਐਡਮਨਿਸਟਰੇਸ਼) ਕੀਤੀ ਹੋਈ ਹੈ। ਪੰਜਾਬ ਦੇ ਫਗਵਾੜਾ ਸ਼ਹਿਰ ਨੇੜੇ ਪਿੰਡ ਹਰਦਾਸਪੁਰ ਵਿੱਚ ਜਨਮਿਆਂ ਹੈਰੀ ਬੈਂਸ ਕਿੱਤੇ ਵਜੋਂ ਵਕੀਲ ਹੈ। ਉਹ ਪੰਜਵੀਂ ਵਾਰ ਐਮ.ਐਲ.ਏ ਬਣਿਆਂ ਹੈ ਅਤੇ ਪਹਿਲਾਂ ਮੰਤਰੀ ਰਹਿ ਚੁੱਕਾ ਹੈ। ਉਸ ਨੂੰ ਲੇਬਰ ਮਹਿਕਮਾ ਸੌਂਪਿਆ ਗਿਆ ਹੈ। ਕੈਨੇਡਾ ਦੀ ਹਾਕੀ ਟੀਮ ਦਾ ਓਲੰਪੀਅਨ ਖਿਡਾਰੀ, ਰਵੀ (ਰਵਿੰਦਰ) ਕਾਹਲੋਂ ਬ੍ਰਿਟਿਸ਼ ਕੋਲੰਬੀਆਂ ਸਰਕਾਰ ਵਿੱਚ ਪਹਿਲਾਂ ਵੀ ਮੰਤਰੀ ਰਹਿ ਚੁੱਕਾ ਹੈ। ਹੁਣ ਉਸ ਨੂੰ ਹਾਊਸਿੰਗ ਵਿਭਾਗ ਦਾ ਵਜ਼ੀਰ ਅਤੇ ਗਵਰਨਮੈਂਟ ਹਾਊਸ ਲੀਡਰ ਬਣਾਇਆ ਗਿਆ ਹੈ। ਪੰਜਾਬੀ ਮੂਲ ਦੀ ਰਚਨਾ ਸਿੰਘ ਜਿਸ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਮਨੋਵਿਗਿਆਨ ਵਿਸ਼ੇ ਵਿੱਚ ਪੋਸਟਗ੍ਰੈਜੂਏਸ਼ਨ ਕੀਤੀ ਹੋਈ ਹੈ, ਸਿੱਖਿਆ ਤੇ ਬੱਚਾ ਸੰਭਾਲ ਮਹਿਕਮੇ ਦੀ ਮੰਤਰੀ ਬਣੀ ਹੈ। ਉਹ ਮੰਤਰੀ ਦਾ ਅਹੁਦਾ ਸੰਭਾਲਣ ਵਾਲੀ ਦੂਜੀ ਪੰਜਾਬਣ ਅਤੇ ਪਹਿਲੀ ਅਹਿਮ ਮੰਤਰਾਲਾ ਲੈਣ ਵਾਲੀ ਪਹਿਲੀ ਪੰਜਾਬਣ ਹੈ। ਉਹਨ 2001 ਵਿੱਚ ਕੈਨੇਡਾ ਗਈ ਸੀ।

ਵਜ਼ੀਰਾਂ ਤੋਂ ਇਲਾਵਾ ਪੰਜਾਬ ਵਿੱਚ ਸੁਲਤਾਨਪੁਰ ਦੇ ਜੰਮਪਲ ਪਹਿਲੇ ਦਸਤਾਰਧਾਰੀ ਐਡਵੋਕੇਟ **ਅਮਨਦੀਪ ਸਿੰਘ** ਨੂੰ ਵਾਤਾਵਰਨ ਮਹਿਕਮੇ ਅਤੇ ਜ਼ੀਰਾ ਨੇੜੇ ਪਿੰਡ ਜੌੜਾ ਦੀ **ਹਰਵਿੰਦਰ ਕੌਰ ਸੰਧੂ** ਨੂੰ ਸੀਨੀਅਰ ਸਰਵਿਸਸ ਤੇ ਲੌਂਗ ਟਰਮ ਕੇਅਰ ਦੇ ਸੰਸਦੀ ਸਕੱਤਰ ਬਣਾਇਆ ਗਿਆ ਹੈ। ਪੰਜਾਬੀ ਮੂਲ ਦੀ **ਨਿੱਕੀ ਸ਼ਰਮਾ** ਨੂੰ ਅਟਾਰਨੀ ਜਨਰਲ ਨਿਯੁਕਤ ਕੀਤਾ ਗਿਆ ਹੈ। ਪੰਜਾਬੀ ਮੂਲ ਦੇ ਰਾਜ ਚੌਹਾਨ ਨੂੰ ਅਸੈਂਬਲੀ ਦਾ ਸਪੀਕਰ ਬਣਨ ਦਾ ਮਾਣ ਹਾਸਲ ਹੋਇਆ ਹੈ। ਵਰਣਨਯੋਗ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਿੱਚ ਕੁੱਲ 9 ਪੰਜਾਬੀ ਹਨ ਜਿਨ੍ਹਾਂ ਵਿੱਚੋਂ ਇੱਕ ਸਪੀਕਰ, ਪੰਜ ਵਜ਼ੀਰ ਅਤੇ ਦੋ ਸੰਸਦੀ ਸਕੱਤਰ ਬਣਾਏ ਗਏ ਹਨ।

* * * * *



# ਜੀ ਆਇਆਂ ਨੂੰ



ਰਾਜਿੰਦਰ ਸਿੰਘ ਨਨੂਆਂ ਸਪੁੱਤਰ ਸ. ਸੰਤੋਖ ਸਿੰਘ ਨਨੂਆਂ ਵਾਸੀ ਰਣਜੀਤ ਐਵੇਨਿਊ ਨੂੰ ਸੈਣੀ ਭਵਨ ਰੂਪਨਗਰ ਦੇ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਦੇ ਟਰੱਸਟੀ ਨਿਯੁਕਤ ਕੀਤਾ ਗਿਆ ਹੈ। ਆਪ ਰਾਜਨੀਤੀ ਸ਼ਾਸਤਰ ਵਿਸ਼ੇ ਦੇ ਪੋਸਟਗ੍ਰੈਜੂਏਟ ਹਨ ਅਤੇ ਪੰਜਾਬ ਅਨੁਸੂਚਿਤ ਜਾਤੀਆਂ ਤੇ ਭੌਂ ਵਿਕਾਸ ਕਾਰਪੋਰੇਸ਼ਨ 'ਚੋਂ ਪ੍ਰਾਈਵੇਟ ਸੈਕਟਰੀ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਹਨ। ਆਪ ਉੱਘੇ ਸਮਾਜਸੇਵੀ ਹਨ ਅਤੇ ਆਪਣੀ ਰਿਹਾਇਸ਼ੀ ਕਲੋਨੀ ਦੀ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਹਨ। ਆਪ ਦਾ ਪਰਿਵਾਰ ਸੈਣੀ ਭਵਨ ਨਾਲ ਜੁੜਿਆ ਹੋਇਆ ਹੈ ਅਤੇ ਇਸ ਦੇ ਸਾਰੇ ਸਮਾਜਸੇਵੀ ਕਾਰਜਾਂ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਂਦਾ ਹੈ। ਸੈਣੀ ਭਵਨ ਅਦਾਰੇ ਨੂੰ ਆਪ ਤੋਂ ਬਹੁਤ ਉਮੀਦਾਂ ਹਨ। ਆਪ ਦਾ ਇਸ ਸੰਸਥਾ ਵਿੱਚ ਨਿੱਘਾ ਸਵਾਗਤ ਹੈ।

## ਆਓ ਆਪਣੇ ਗਿਆਨ ਦੀ ਪਰਖ ਕਰੀਏ

### ਪ੍ਰਸ਼ਨੋਤਰੀ -7

ਨਿਮਨ ਪ੍ਰਸ਼ਨੋਤਰੀ ਮੈਗਜ਼ੀਨ ਸੈਣੀ ਸੰਸਾਰ ਦੇ 44-47 ਵੇਂ ਅੰਕਾਂ ਵਿੱਚ ਛਪੇ ਲੇਖਾਂ ਵਿੱਚੋਂ ਤਿਆਰ ਕੀਤੀ ਗਈ ਹੈ। ਹਰ ਪ੍ਰਸ਼ਨ ਦੇ ਹੇਠ ਦਿੱਤੇ ਚਾਰ ਉੱਤਰਾਂ ਵਿੱਚੋਂ ਸਹੀ ਉੱਤਰ ਨੂੰ ਟਿੱਕ ਕੀਤਾ ਜਾਵੇ। ਹਰ ਸਹੀ ਉੱਤਰ ਦਾ ਇੱਕ ਅੰਕ ਹੈ।

1.ਸਾਲ 2021 ਦੇ ਐਲ.ਆਰ ਮੁੰਦਰਾ ਵਜ਼ੀਫ਼ੇ ਦਾ ਲਾਭਪਾਤਰੀ ਕਿਸ ਸੰਸਥਾ ਦਾ ਵਿਦਿਆਰਥੀ ਸੀ/ਹੈ?
ੳ)ਆਈ.ਆਈ.ਟੀ ਰੋਪੜ ਅ) ਆਈ.ਆਈ.ਐਮ. ਅਹਿਮਦਾਬਾਦ ੲ) ਆਈ.ਆਈ.ਐਸ.ਈ.ਆਰ ਸ) ਆਈ.ਆਈ.ਟੀ ਰੁੜਕੀ

2. ਪਟਿਆਲਾ ਪੇਂਡੂ ਅਸੈਂਬਲੀ ਹਲਕੇ ਤੋਂ ਜੇਤੂ ਵਿਧਾਇਕ ਡਾ. ਬਲਬੀਰ ਸਿੰਘ ਸੈਣੀ ਕਿਸ ਜ਼ਿਲ੍ਹੇ ਦੇ ਪਿੰਡ ਦੇ ਜੰਮਪਲ ਹਨ?
ੳ) ਹੁਸ਼ਿਆਰਪੁਰ ਅ) ਅਮਰ ਸ਼ਹੀਦ ਭਗਤ ਸਿੰਘ ਨਗਰ ੲ) ਪਟਿਆਲਾ ਸ) ਲੁਧਿਆਣਾ

3. ਪਾਇਲਟ ਹਰਦਿੱਤ ਸਿੰਘ ਮਲਿਕ ਨੇ ਕਿਸ ਜੰਗ ਵਿੱਚ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਏ?
ੳ) ਪਹਿਲੀ ਵਿਸ਼ਵ ਜੰਗ ) ਦੂਜੀ ਵਿਸ਼ਵ ਜੰਗ ੲ) 1965 ਦੀ ਭਾਰਤ-ਪਾਕਿ. ਜੰਗ ਸ) 1962 ਦੀ ਭਾਰਤ-ਚੀਨ ਜੰਗ

4. ਅੰਤਰਰਾਸ਼ਟਰੀ ਔਰਤ ਦਿਵਸ ਕਿਸ ਤਾਰੀਖ ਨੂੰ ਮਨਾਇਆ ਜਾਂਦਾ ਹੈ?
ੳ) 18 ਮਾਰਚ ਅ) 8 ਮਾਰਚ ੲ) 13 ਅਪ੍ਰੈਲ ਸ) 1 ਮਈ

5. 38ਵੇਂ ਸਾਲਾਨਾ ਸੈਣੀ ਸੰਮੇਲਨ ਦੇ ਮੁੱਖ ਮਹਿਮਾਨ ਕੌਣ ਸਨ?
ੳ) ਡਾ. ਅਰਜੁਨ ਸਿੰਘ ਅ) ਵਿਧਾਇਕ ਹਰਦੀਪ ਸਿੰਘ ੲ) ਵਿਧਾਇਕ ਡਾ. ਬਲਬੀਰ ਸਿੰਘ ਸੈਣੀ ਸ) ਸ. ਤੇਜਦੀਪ ਸਿੰਘ ਸੈਣੀ

6. ਖਿਡਾਰੀ ਅਮਨ ਸੈਣੀ ਨੇ 2022 ਵਿੱਚ ਕਿਸ ਖੇਡ ਵਿੱਚ ਤਮਗਾ ਹਾਸਲ ਕੀਤਾ ?
ੳ) ਕੁਸ਼ਤੀ ਅ) ਵੇਟ੍ਹ ਲਿਫਟਿੰਗ ੲ) ਤੀਰਅੰਦਾਜ਼ੀ ਸ) ਬਾਕਸਿੰਗ

7. ਚੌਧਰੀ ਬਲਬੀਰ ਸਿੰਘ 1957 ਵਿੱਚ ਕਿਸ ਰਾਜਨੀਤਿਕ ਪਾਰਟੀ ਦੀ ਟਿਕਟ ਤੋਂ ਵਿਧਾਇਕ ਚੁਣੇ ਗਏ ਸਨ?
ੳ) ਕਾਂਗਰਸ ਅ) ਜਨਤਾ ਪਾਰਟੀ ੲ) ਜਨ ਸੰਘ ਸ) ਸੋਸ਼ਲਿਸਟ ਪਾਰਟੀ

8. ਬਾਬਾ ਖੇਮ ਸਿੰਘ ਬੇਦੀ ਕਿਸ ਦੇ ਪੁੱਤਰ ਸਨ?
ੳ) ਬਾਬਾ ਸਹਿਬ ਸਿੰਘ ਬੇਦੀ ਅ) ਅਤਰ ਸਿੰਘ ੲ) ਬਾਬਾ ਲਖਮੀ ਚੰਦ ਸ) ਸ. ਬਿਕਰਮ ਸਿੰਘ

9. ਹਿਮਾਚਲ ਪ੍ਰਦੇਸ਼ ਦੇ ਕਿਸ ਜ਼ਿਲ੍ਹੇ ਵਿੱਚ ਸਾਂਗਲਾ ਵੈਲੀ ਸਥਿਤ ਹੈ?
ੳ) ਸ਼ਿਮਲਾ ਅ) ਚੰਬਾ ੲ) ਕੇਲਾਂਗ ਸ) ਕਿੰਨੌਰ

10. ਸਵਰਗੀ ਪੌਪ ਗਾਇਕ ਤਰਸੇਮ ਸਿੰਘ ਸੈਣੀ ਕਿਸ ਦੇਸ਼ ਦੇ ਵਾਸੀ ਸਨ?
ੳ) ਇੰਗਲੈਂਡ ਅ) ਕੇਨੇਡਾ ੲ) ਅਮਰੀਕਾ ਸ) ਭਾਰਤ

11. ਦੂਰਬੀਨ ਜੇਮਜ਼ ਵੈਬ ਧਰਤੀ ਤੋਂ ਕਿਨੀ ਦੂਰੀ 'ਤੇ ਇਸ ਦੁਆਲੇ ਚੱਕਰ ਲਗਾ ਰਹੀ ਹੈ?
ੳ) 570 ਕਿਲੋਮੀਟਰ ਅ) 16 ਹਜ਼ਾਰ ਕਿਲੋਮੀਟਰ ੲ) 10 ਲੱਖ ਕਿਲੋਮੀਟਰ ਸ) 16 ਲੱਖ ਕਿਲੋਮੀਟਰ

12. ਸੰਸਾਰ ਵਿੱਚ ਹੋਏ 'ਮਹਾਂ ਪਰਵਾਸ' ਸਮੇਂ ਲੋਕਾਂ ਨੇ ਕਿਸ ਮਹਾਂਦੀਪ ਵਿੱਚ ਪਰਵਾਸ ਕੀਤਾ?
ੳ) ਏਸ਼ੀਆ ਅ) ਅਫ਼ਰੀਕਾ ੲ) ਅਮਰੀਕਾ ਸ) ਯੂਰਪ

13. ਸੈਣੀ ਭਵਨ ਰੂਪਨਗਰ ਵਿਖੇ ਆਯੋਜਿਤ 18ਵੇਂ ਖ਼ੂਨਦਾਨ ਕੈਂਪ ਵਿੱਚ ਕਿੰਨੇ ਖ਼ੂਨਦਾਨੀਆਂ ਨੇ ਖ਼ੂਨ ਦਿੱਤਾ?
ੳ) 54 ਅ) 48) ੲ) 62 ਸ) 68

14. ਮੈਗਜ਼ੀਨ 'ਸੈਣੀ ਸੰਸਾਰ' ਦੇ 45ਵੇਂ ਅੰਕ ਨੂੰ ਕਿਸ ਮੁੱਖ ਮਹਿਮਾਨ ਨੇ ਰਿਲੀਜ਼ ਕੀਤਾ?
ੳ) ਹਰਜੋਤ ਕੌਰ ਪੀ.ਸੀ.ਐਸ ਅ) ਕਾਰੋਬਾਰੀ ਰਮੇਸ਼ ਕੁਮਾਰ ਗੋਇਲ ੲ) ਸ਼੍ਰੀ ਸੰਜੈ ਵਰਮਾ ਸ) ਸ. ਰਣਜੀਤ ਸਿੰਘ ਬਡਵਾਲ

15. ਜੂੱਡੋ ਖਿਡਾਰੀ ਜਸਲੀਨ ਸਿੰਘ ਸੈਣੀ ਨੇ 2022 ਦੀਆਂ ਰਾਸ਼ਟਰੀ ਮੰਡਲ ਖੇਡਾਂ ਸਮੇਂ ਕਿਹੜੀ ਪੋਜ਼ੀਸ਼ਨ ਹਾਸਲ ਕੀਤੀ?
ੳ) ਪਹਿਲੀ ਅ) ਦੂਜੀ ੲ) ਤੀਜੀ ਸ) ਪੰਜਵੀਂ

16. ਸਵ. ਪ੍ਰੋ. ਕਰਤਾਰ ਸਿੰਘ ਦੇ ਵਿਚਾਰ ਅਨੁਸਾਰ ਸੈਣੀ ਜਾਤ ਦਾ ਕਿਸ ਧਾਰਮਿਕ ਮਹਾਂਪੁਰਸ਼ ਨਾਲ ਨੇੜਲਾ ਸਬੰਧ ਹੈ?
ੳ) ਰਾਮਚੰਦਰ ਅ) ਕ੍ਰਿਸ਼ਨ ੲ) ਮਹਾਤਮਾ ਬੁੱਧ ਸ) ਮਹਾਂਬੀਰ

17. ਸ਼ਹੀਦ ਮਹਿੰਦਰ ਸਿੰਘ ਬਡਵਾਲ ਨੇ ਕਿਸ ਆਜ਼ਾਦੀ ਦੀ ਲਹਿਰ ਵਿੱਚ ਕੰਮ ਕੀਤਾ?
ੳ) ਬਬਰ ਅਕਾਲੀ ਲਹਿਰ ਅ) ਕਾਂਗਰਸ ਦੀ ਨਾਮਿਲਵਰਤਨ ਲਹਿਰ ੲ) ਗੁਰੂਦੁਆਰਾ ਸੁਧਾਰ ਲਹਿਰ ਸ) ਗਦਰ ਲਹਿਰ

18. ਭਾਰਤ ਦੇ ਪਹਿਲੇ ਦਲਿਤ ਰਾਸ਼ਟਰਪਤੀ ਕੌਣ ਬਣੇ?
ੳ) ਸ਼੍ਰੀ ਆਰ.ਵੈਂਕਟਰਮਨ ਅ) ਸ਼੍ਰੀ ਰਾਮ ਨਾਥ ਕੋਵਿੰਦ ੲ) ਸ਼੍ਰੀ ਕੇ.ਆਰ.ਨਾਰਾਇਣਨ ਸ) ਸ਼੍ਰੀਮਤੀ ਦਰੋਪਦੀ ਮੁਰਮੁਰ

19. ਸਾਲ 2022 ਵਿੱਚ ਮੈਡੀਸਨ ਦਾ ਨੋਬਲ ਪੁਰਸਕਾਰ ਕਿਸ ਨੂੰ ਹਾਸਲ ਹੋਇਆ?
ੳ) ਕੈਰੋਲਿਨ ਆਰ.ਬਰਟੋਜ਼ੀ ਅ) ਸਵਾਂਤੇ ਪਾਬੋ ੲ) ਐਲੇਨ

ਆਸਪੈਕਟ ਸ) ਐਨੀ ਅਰਨੋ

20. ਸਾਲ 2022 ਵਿੱਚ ਕੈਲੇਫੋਰਨੀਆਂ ਵਿਖੇ ਕਤਲ ਕੀਤੇ ਸੈਣੀ ਪਰਿਵਾਰ ਦੇ ਮੈਂਬਰ ਕਿਸ ਗੋਤ ਦੇ ਸਨ?

ੳ) ਬੋਲ਼ਾ ਅ) ਬਣਵੈਤ ੲ) ਢੇਰੀ ਸ) ਤੰਬੜ

ਇਨ੍ਹਾਂ ਪ੍ਰਸ਼ਨਾਂ ਦੇ ਸਹੀ ਉੱਤਰ ਮੈਗਜ਼ੀਨ ਦੇ ਅਸਲ ਪੰਨੇ 'ਤੇ ਟਿੱਕ ਕਰ ਕੇ 15 ਮਾਰਚ,2023 ਤੱਕ ਭੇਜੇ ਜਾਣ। ਸਭ ਤੋਂ ਵੱਧ ਅੰਕ ਹਾਸਲ ਕਰਨ ਵਾਲੇ ਤਿੰਨ ਪ੍ਰਤਿਯੋਗੀਆਂ ਨੂੰ ਸਾਲਾਨਾ ਸੈਣੀ ਸੰਮੇਲਨ ਸਮੇਂ ਸਨਮਾਨਿਤ ਕੀਤਾ ਜਾਵੇਗਾ।

## ਅਲਵਿਦਾ ਪੇਲੇ

ਵਿਸ਼ਵ ਫੁੱਟਬਾਲ ਮੁਕਾਬਲਿਆਂ (ਫੀਫਾ) ਵਿੱਚ ਆਪਣੇ ਦੇਸ਼ ਬਰਾਜ਼ੀਲ ਨੂੰ ਤਿੰਨ ਵਾਰ (1958, 1962, 1970) ਸੋਨ ਤਮਗੇ ਜਿੱਤ ਕੇ ਦੇਣ ਵਾਲੇ 'ਦ ਕਿੰਗ' ਫੁੱਟਬਾਲ ਖਿਡਾਰੀ ਪੇਲੇ ਦਾ 29 ਦਸੰਬਰ, 2022 ਨੂੰ 82 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਬਰਾਜ਼ੀਲ ਦੇ ਸੈਂਟੋਸ ਵਿੱਚ 23 ਅਕਤੂਬਰ, 1940 ਨੂੰ ਇੱਕ ਸਫਾਈ ਸੇਵਨ ਦੇ ਘਰ ਜਨਮੇ ਪੇਲੇ ਨੇ ਫੁੱਟਬਾਲ ਖਰੀਦਣ ਲਈ ਬੂਟ ਪਾਲਿਸ਼ ਕੀਤੇ ਅਤੇ ਨੰਗੇ ਪੈਰੀਂ ਖੇਲ੍ਹ ਕੇ ਦੁਨੀਆਂ ਨੂੰ ਆਪਣੀ ਜਾਦੂਮਈ ਖੇਲ੍ਹ ਨਾਲ ਹੈਰਾਨ ਕਰ ਦਿੱਤਾ। ਉਸ ਨੇ ਬਰਾਜ਼ੀਲ ਲਈ ਖੇਡੇ 114 ਮੈਚਾਂ ਵਿੱਚ 95 ਗੋਲ ਕੀਤੇ। ਉਹ 17 ਸਾਲ ਦੀ ਉਮਰ ਵਿੱਚ ਵਿਸ਼ਵ ਮੈਚ ਵਿੱਚ ਖੇਡ ਕੇ ਹੈਟ੍ਰਿਕ ਬਣਾਉਣ ਅਤੇ ਸੋਨ ਤਮਗਾ ਜਿੱਤਣ ਵਾਲਾ ਸਭ ਤੋਂ ਘੱਟ ਉਮਰ ਦਾ ਇਕਲੌਤਾ ਖਿਡਾਰੀ ਹੈ। ਉਹ ਗੰਦੀਆਂ ਬਸਤੀਆਂ ਵਿੱਚ ਜੰਮਪਲ ਕੇ ਆਪਣੀ ਮਿਹਨਤ ਤੇ ਲਗਨ ਸਦਕਾ 'ਬਰਾਜ਼ੀਲ ਦਾ ਚਿੱਟਾ ਮੋਤੀ' ਬਣਿਆਂ। ਉਹ ਇੱਕ ਵਾਰ ਕਲਕੱਤਾ ਆ ਕੇ ਖੇਡਿਆ ਅਤੇ ਦੋ ਵਾਰ ਦਿੱਲੀ ਵੀ ਆਇਆ। ਉਹ ਫੁੱਟਬਾਲ ਲਈ ਜੀਵਿਆ ਅਤੇ ਮਰ ਕੇ ਵੀ ਖੇਡਪ੍ਰੇਮੀਆਂ ਦੇ ਦਿਲ ਵਿੱਚ ਵਸਿਆ ਹੋਇਆ ਹੈ।



## ਵਧਾਈ

ਹੁਸ਼ਿਆਰਪੁਰ ਦੇ ਵਸਨੀਕ ਡਾ. ਨੀਨਾ ਸੈਣੀ ਨੂੰ ਕੌਮੀ ਸੰਸਥਾ 'ਵਰਕਿੰਗ ਜਰਨਲਿਸਟ ਐਸੋਸੀਏਸ਼ਨ' ਵਲੋਂ ' ਭਾਰਤ ਰਤਨ ਅਟਲ ਸਨਮਾਨ'-2022 ਨਾਲ ਸਨਮਾਨਿਤ ਕੀਤਾ ਗਿਆ ਹੈ। ਉਹ ਚੰਡੀਗੜ੍ਹ ਦੇ ਸਿੱਖਿਆ ਵਿਭਾਗ 'ਚੋਂ ਪੰਜਾਬੀ ਦੇ ਲੈਕਚਰਾਰ ਵਜੋਂ ਸੇਵਾਮੁਕਤ ਹੋ ਕੇ ਪੰਜਾਬੀ ਸਾਹਿਤ ਵਿੱਚ ਬਹੁਮੁੱਲਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਨੇ 10 ਕਹਾਣੀ ਅਤੇ ਕਵਿਤਾ ਸੰਗਿਹ ਪ੍ਰਕਾਸ਼ਿਤ ਕਰਵਾਏ ਹਨ। ਆਪ ਜੋਤਿਸ਼ ਅਤੇ ਵਾਸਤੂ ਸ਼ਾਸਤਰ ਵਿਸ਼ੇ ਵਿੱਚ ਪੀ.ਐਚ.ਡੀ ਹਨ।



ਕਵਿਤਾ

## ਅੱਜ ਦਾ ਵਿਰੋਧਾਭਾਸ

ਸਾਡੀਆਂ ਇਮਾਰਤਾਂ ਬਹੁਤ ਉੱਚੀਆਂ ਹੋ ਗਈਆਂ ਹਨ,
ਤੇ ਸਾਡੇ ਇਰਾਦੇ ਬਹੁਤ ਨੀਂਵੇਂ।
ਸਾਡੀਆਂ ਸੜਕਾਂ ਚੌੜੀਆਂ ਹੋ ਗਈਆਂ ਹਨ,
ਪਰ ਸਾਡੀ ਸੋਚ ਸੌੜੀ ਹੋ ਗਈ ਹੈ।
ਸਾਡੇ ਮਕਾਨ ਵੱਡੇ ਹੋ ਗਏ ਹਨ,
ਪਰ ਪਰਿਵਾਰ ਛੋਟੇ ਹੋ ਗਏ ਹਨ।
ਸਹੂਲਤਾਂ ਸਾਰੀਆਂ ਹੋ ਗਈਆਂ,
ਪਰ ਇਨ੍ਹਾਂ ਨੂੰ ਮਾਨਣ ਲਈ ਸਮਾਂ ਘਟ ਗਿਆ ਹੈ।
ਅਸੀਂ ਖਰੀਦਦੇ ਵਧੇਰੇ ਹਾਂ,
ਪਰ ਵਰਤਦੇ ਘੱਟ ਹਾਂ।
ਦਵਾਈਆਂ ਵਧ ਗਈਆਂ ਹਨ,
ਤੰਦਰੁਸਤੀ ਗੁਆਚ ਗਈ ਹੈ।
ਅਸੀਂ ਬੋਲਦੇ ਵਧੇਰੇ ਹਾਂ,
ਸੁਣਦੇ ਘੱਟ ਹਾਂ।
ਗੱਲਾਂ ਪਿਆਰ ਕਰਨ ਵਾਲੀਆਂ ਕਰਦੇ ਹਾਂ,
ਪਰ ਵਿਹਾਰ ਨਫ਼ਰਤ ਵਾਲਾ ਕਰਦੇ ਹਾਂ।
ਅਸੀਂ ਚੰਨ 'ਤੇ ਪਹੁੰਚ ਗਏ ਹਾਂ,
ਪਰ ਗਵਾਂਢੀ ਨੂੰ ਮਿਲਣਾ ਭੁੱਲ ਗਏ ਹਾਂ।
ਸਾਡੀਆਂ ਅਰਦਾਸਾਂ ਵਧ ਗਈਆਂ ਹਨ,
ਪਰ ਸ਼ਰਧਾ ਘਟ ਗਈ ਹੈ।
ਗਿਣਤੀ ਹਰ ਚੀਜ਼ ਦੀ ਵਧ ਗਈ ਹੈ,
ਗੁਣ ਹਰ ਚੀਜ਼ ਦੇ ਘਟ ਗਏ ਹਨ।
ਡਿਗਰੀਆਂ ਵਧ ਗਈਆਂ ਹਨ,
ਅਕਲ ਘਟ ਗਈ ਹੈ।
ਬਟੂਏ ਭਰੇ ਪਏ ਹਨ,
ਰਿਸ਼ਤੇ ਖੋਖਲੇ ਹੋ ਗਏ ਹਨ।
ਸੰਸਾਰ ਵਿੱਚ ਸ਼ਾਂਤੀ ਲਈ ਜਲੂਸ ਕੱਢਦੇ ਹਾਂ,
ਘਰ ਵਿੱਚ ਨਿੱਤ ਲੜਦੇ ਹਾਂ।
ਮਕਾਨ ਬਹੁਤ ਪੱਕੇ ਬਣ ਗਏ ਹਨ,
ਰਿਸ਼ਤੇ ਕੱਚੇ ਹੋ ਗਏ ਹਨ।
ਕੱਪੜੇ ਬਹੁਤ ਵਿਕਣ ਲਗ ਪਏ ਹਨ,
ਪਰ ਰਿਵਾਜ਼ ਨੰਗੇਜ਼ ਵਾਲਾ ਹੋ ਗਿਆ ਹੈ।
ਅਸੀਂ ਗੱਲਾਂ ਸੇਵਾ ਦੀਆਂ ਕਰਦੇ ਹਾਂ,
ਸੋਚਦੇ ਲੁੱਟਣ ਬਾਰੇ ਹਾਂ।
ਅਸੀਂ ਕਸਮਾਂ ਵਧੇਰੇ ਖਾਂਦੇ ਹਾਂ,

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ



ਮੈਗਜ਼ੀਨ 'ਸੈਣੀ ਸੰਸਾਰ' ਦਾ 46ਵਾਂ ਅੰਕ ਲੋਕਅਰਪਣ ਕਰਦੇ ਹੋਏ ਸ. ਸਿਮਰਜੀਤ ਸਿੰਘ ਡਿਪਟੀ ਐਡਵੋਕੇਟ ਜਨਰਲ, ਪੰਜਾਬ





ਸਾਲਾਨਾ ਸਿੱਖਿਆ ਸਮਾਗਮ-2022 ਦੌਰਾਨ ਸ. ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਦੇ ਪਿਤਾ ਸ. ਸੋਹਣ ਸਿੰਘ ਬੈਂਸ ਵਿਦਿਆਰਥੀਆਂ ਨੂੰ ਵਜ਼ੀਫ਼ਿਆਂ ਦੀ ਵੰਡ ਕਰਦੇ ਹੋਏ।

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

SAINI BHAWAN RUPNAGAR
PUNJAB
ਸਰਬਤ ਦਾ ਭਲਾ

Estd. 1971

# ਸੈਣੀ ਸੰਸਾਰ
# Saini Sansar

